ਸੰਮਤ: ੫੫੭ ਨਾਨਕਸ਼ਾਹੀ
ਸਾਕਾ: ੨੨੦
Weekly Paper
ਸਪਤਾਹਕ ਪਤਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ ॥

# ਖ਼ਾਲਸਾ ਅਖ਼ਬਾਰ

੧ ਪੋਹ ਸੰਨ ੨੦੨੫ Monday, 15 December

ਮੁੱਖ ਸੰਪਾਦਕ
ਗਿਆਨੀ ਗੁਰਜੀਤ ਸਿੰਘ ਪਟਿਆਲਾ
ਸੰਪਾਦਕ: ਗੁਰਪ੍ਰੀਤ ਸਿੰਘ
ਉਪ ਸੰਪਾਦਕ: ਮੇਜਰ ਸਿੰਘ
ਅੰਗਰੇਜ਼ੀ ਸੰਪਾਦਿਕਾ: ਮਨਪ੍ਰੀਤ ਕੌਰ

www.khalsaakhbbar.com ਸੰਪਰਕ: +44 7491374913 khalsaakhbaar@gmail.com editor@khalsaakhbaar.com

## ਪੋਖਿ ਮਹੀਨੇ ਰਾਹੀਂ ਗੁਰ ਉਪਦੇਸ਼



**ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥ (ਅੰਗ ੧੩੫)**



ਡਾ. ਇੰਦਰਜੀਤ ਸਿੰਘ ਗੋਗੋਆਣੀ

ਪੋਖਿ ਦਾ ਮਹੀਨਾ ਬਾਰਾਂ ਮਹੀਨਿਆਂ ਅਨੁਸਾਰ ਦਸਵਾਂ ਮਹੀਨਾ ਹੈ। ਭਾਰਤੀ ਛੇ ਰੁੱਤਾਂ ਦੀ ਵੰਡ ਅਨੁਸਾਰ ਮੱਘਰ ਤੇ ਪੋਹ ਅੱਤ ਸਰਦ ਰੁੱਤ ਦੇ ਮਹੀਨੇ ਹਨ। ਸ੍ਰੀ ਗੁਰੂ ਗ੍ਰੰਥ ਕੋਸ਼ ਅਨੁਸਾਰ 'ਪੋਹਿ : ਸੰਸਕ੍ਰਿਤ-ਪੋਖ। ਪ੍ਰਾਕ੍ਰਿਤ-ਪੋਸ। ਪੰਜਾਬੀ-ਪੋਹ। ਡਾਢੇ ਸਿਆਲੇ ਦਾ ਮਹੀਨਾ।' 'ਸਮ ਅਰਥ ਕੋਸ਼' ਵਿਚ ਪੋਹ ਦੇ ਸਮਾਨਅਰਥੀ ਸ਼ਬਦ-ਸਹਸਯ, ਪੂਸ, ਪੂਖ, ਪੋਸ, ਪੋਖ, ਤੈਖ ਤੇ ਪੌਖ ਆਦਿ ਹਨ। 'ਮਹਾਨ ਕੋਸ਼' ਅਨੁਸਾਰ ਪੋਖ-ਪੁਸ਼ਯ ਨਛੱਤ੍ਰ ਵਾਲੀ ਪੂਰਨਮਾਸ਼ੀ ਜਿਸ ਮਹੀਨੇ ਵਿਚ ਹੋਵੇ ਅਤੇ 'ਸੰਖਿਆ ਕੋਸ਼' ਅਨੁਸਾਰ '27 ਨਛੱਤ੍ਰਾਂ ਵਿੱਚੋਂ ਨਛੱਤ੍ਰ 'ਪੁਸ਼ਯ' ਹੈ ਅਤੇ ਪੁਸ਼ਯ ਨਛੱਤ੍ਰ ਤੋਂ ਇਸ ਮਹੀਨੇ ਦਾ ਨਾਮ ਪੋਖਿ, ਪੌਸ ਜਾਂ ਪੋਹ ਪ੍ਰਚੱਲਿਤ ਹੋਇਆ।

ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਬਾਰਹ ਮਾਹਾ ਤੁਖਾਰੀ ਵਿਚ ਪੋਹ ਮਹੀਨੇ ਪ੍ਰਥਾਇ ਇਉਂ ਉਪਦੇਸ਼ ਦ੍ਰਿੜਾਇਆ ਹੈ:

ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ ॥
ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ ॥(ਅੰਗ ੧੧੦੯)

ਭਾਵ- ਪੋਹ ਦੇ ਮਹੀਨੇ ਕੋਰਾ ਕੱਕਰ ਪੈ ਕੇ ਸਮੂਹ ਬਨਸਪਤੀ ਦੇ ਰਸ ਨੂੰ ਸੁਕਾਅ ਦਿੰਦਾ ਹੈ। ਇਸ ਸਮੇਂ ਬੇਨਤੀ ਹੈ ਕਿ ਹੇ ਪ੍ਰਭੂ ! ਤੂੰ ਮੇਰੇ ਸਮੁੱਚੇ ਵਜੂਦ ਵਿਚ ਕਿਉਂ ਨਹੀਂ ਆ ਵੱਸਦਾ।

ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ ॥
ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥ (ਅੰਗ ੧੧੦੯)

ਹੇ ਜਗਤ ਨੂੰ ਜੀਵਨ ਦੇਣ ਵਾਲੇ ਪ੍ਰਭੂ ! ਤੂੰ ਹਰੇਕ ਦੇ ਤਨ ਮਨ ਵਿਚ ਵਿਆਪਕ ਹੈਂ ਅਤੇ ਚਾਰਾਂ ਖਾਣੀਆਂ ਦੇ ਹਰੇਕ ਜੀਵ ਵਿਚ ਤੇਰੀ ਹੀ ਜੋਤ ਸਮਾਈ ਹੋਈ ਹੈ।

ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ ॥
ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥੧੪ ॥(ਅੰਗ ੧੧੦੯)

ਹੇ ਦਇਆ ਦੇ ਪੁੰਜ ਦਾਤੇ ਪ੍ਰਭੂ ! ਮੈਨੂੰ ਆਪਣਾ ਦਰਸ਼ਨ ਬਖ਼ਸ਼ੋ ਅਤੇ ਅਜਿਹੀ ਸੁਮੱਤ ਦਿਓ ਕਿ ਮੈਂ ਉੱਚੀ ਆਤਮਿਕ ਅਵਸਥਾ ਵਾਲਾ ਹੋ ਜਾਵਾਂ। ਅੰਤ ਗੁਰੂ ਜੀ ਫ਼ੁਰਮਾਉਂਦੇ ਹਨ
ਕਿ ਪ੍ਰਭੂ ਪ੍ਰੇਮ ਵਾਲਾ ਉਹਦੇ ਪ੍ਰੇਮ ਰੰਗ ਵਿਚ ਰਸੀਆ ਬਣ ਕੇ ਪ੍ਰਭੂ-ਮਿਲਾਪ ਦਾ ਅਨੰਦ ਮਾਣਦਾ ਹੈ।

ਦਸਮ ਪਾਤਸ਼ਾਹ ਜੀ ਨੇ ਬਾਰਾਮਾਹ ਵਿਚ ਪੋਖ ਮਹੀਨੇ ਪ੍ਰਥਾਇ ਅਤਿ ਸੀਤਲਤਾਈ ਦੇ ਪ੍ਰਭਾਵ ਨੂੰ ਵਰਣਨ ਕਰਦਿਆਂ ਵਿਯੋਗ ਦੀ ਅਵਸਥਾ ਤੇ ਸੰਯੋਗ ਦੀ ਬਿਹਬਲਤਾ ਨੂੰ ਇਉਂ ਚਿਤਰਿਆ ਹੈ :

ਭੂਮ ਅਕਾਸ਼ ਅਵਾਸ ਸੁ ਬਾਸੁ ਉਦਾਸ ਬਢੀ ਅਤਿ ਸੀਤਲਤਾਈ ॥
ਕੂਲ ਦੁਕੂਲ ਤੇ ਸੂਲ ਉਠੈ ਸਭ ਤੇਲ ਤਮੋਲ ਲਗੈ ਦੁਖਦਾਈ ॥ ਪੋਖ ਸੰਤੋਖ ਨ ਹੋਤ ਕਛੂ ਤਨ ਸੋਖਤ ਜਿਉ ਕੁਮਦੀ ਮੁਰਝਾਈ ॥
ਲੋਭ ਰਹਯੋ ਉਨ ਪ੍ਰੇਮ ਗਹਯੋ ਟਸਕਯੋ ਨ ਹੀਯੋ ਕਸਕਯੋ ਨ ਕਸਾਈ ॥
(ਸ੍ਰੀ ਦਸਮ ਗ੍ਰੰਥ, ਅੰਗ ੩੭੭)

ਭਾਵ-ਵਧੀਕ ਠੰਢ (ਅਤਿ ਸੀਤਲਤਾਈ) ਕਰਕੇ ਧਰਤੀ 'ਤੇ ਅਕਾਸ਼ 'ਤੇ ਵੱਸਣ ਵਾਲੇ ਮਨੁੱਖ ਤੇ ਪੰਛੀ ਆਪੋ-ਆਪਣੇ ਘਰ (ਅਵਾਸ) ਵਿਚ ਵੱਸਦੇ ਹਨ ਪਰ ਉਦਾਸ ਹਨ। ਨਦੀ ਦੇ ਕਿਨਾਰੇ (ਦੁਕੂਲ) ਆਦਿ ਸਭ ਥਾਵਾਂ ਉੱਪਰ ਸੂਲਾਂ ਸਮਾਨ ਦੁਖਦਾਈ ਪੀੜਾ ਹੈ ਅਤੇ ਖ਼ੁਸ਼ਬੂ ਵਾਲੇ ਤੇਲ, ਤਮੋਲ ਦੁਖਦਾਈ ਲੱਗਦੇ ਹਨ। ਪੋਹ ਦੇ ਮਹੀਨੇ ਮਨ ਨੂੰ ਧੀਰਜ ਨਹੀਂ ਤੇ ਤਨ ਸੋਖਿਆ ਗਿਆ। ਜਿਵੇਂ ਕੁਮਦੀ (ਕੰਮੀ ਦਾ ਫੁੱਲ) ਠੰਢ ਕਾਰਨ ਕੁਮਲਾਇਆ ਹੋਵੇ। ਪ੍ਰੀਤਮ ਦੇ ਪ੍ਰੇਮ ਨੇ ਪਕੜ (ਗਹਯੋ) ਲਿਆ ਹੈ ਪਰ ਉਸ ਦਾ ਹਿਰਦਾ ਨਹੀਂ ਝੁਕਿਆ ਤੇ ਨਾ ਹੀ ਸਾਡੀ ਖਿੱਚ ਹੈ।

ਪੋਹ ਦਾ ਮਹੀਨਾ ਅੱਤ ਦਾ ਠੰਡਾ ਹੋਣ ਕਰਕੇ ਲੋਕ-ਅਖਾਣ ਹੈ, 'ਪੋਹ ਪਾਲੇ ਦਾ ਰੋਹ' ਭਾਵ ਪੋਹ ਵਿਚ ਪਾਲਾ ਆਪਣੇ ਜੋਬਨ 'ਤੇ ਹੁੰਦਾ ਹੈ। ਇਹ ਦਿਨ ਬਹੁਤ ਛੋਟੇ ਹੁੰਦੇ ਹਨ ਤਾਂ ਲੋਕ ਸਿਆਣਪਾਂ 'ਚੋਂ ਅਖਾਣ ਬਣਿਆ, 'ਪੋਹ ਮਾਂਹ ਦੀ ਦਿਹਾੜੀ-ਚੁੱਲ੍ਹਾ ਚੌਕਾ ਤੇ ਬੁਹਾਰੀ' ਭਾਵ ਇਸ ਮਹੀਨੇ ਦੇ ਦਿਨ ਰੋਟੀ ਟੁੱਕ ਤੇ ਬੁਹਾਰੀ ਕਰਦਿਆਂ ਹੀ ਬੀਤ ਜਾਂਦੇ ਹਨ। ਭਾਰਤੀ ਰੁੱਤਾਂ ਅਨੁਸਾਰ ਜੇਕਰ ਕੋਈ ਸੁਸਤ ਜਾਂ ਢਿੱਲੜ ਬੰਦਾ ਚਾਹੇ ਕਿ ਇਸ ਮਹੀਨੇ ਕੋਈ ਫ਼ਸਲ ਬੀਜੀ ਜਾ ਸਕਦੀ ਹੈ ਤਾਂ ਉਹਦੇ ਲਈ ਚੇਤਨਾ ਹੈ ਕਿ 'ਪੋਹ ਦੀ ਖੇਤੀ ਭੁੱਖ ਤੇ ਕਾਲ' ਭਾਵ ਇਸ ਮਹੀਨੇ ਬੀਜੀ ਫ਼ਸਲ ਦਾ ਕੋਈ ਫਾਇਦਾ ਨਹੀਂ ਅਤੇ ਇਹ ਅਖਾਣ ਵੀ ਹੈ, 'ਪੋਹ ਦੀ ਬਿਆਈ, ਜਿਹੀ ਘਰ ਆਈ ਜਿਹੀ ਨਾ ਆਈ।' ਇਹ ਲੋਕ-ਸਿਆਣਪਾਂ ਵੀ ਸਮਾਜ ਲਈ ਜਾਗਰਤੀ ਦਾ ਰੂਪ ਹਨ।

'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਅਨੁਸਾਰ ਇਸ ਮਹੀਨੇ ਹਿੰਦੂ ਲੋਕ ਵਿਆਹ-ਸ਼ਾਦੀ ਜਾਂ ਕੋਈ ਹੋਰ ਮੰਗਲ ਕਾਰਜ ਨਹੀਂ ਕਰਦੇ। ਕੁਝ ਲੋਕਾਂ ਵਿਚ ਇਸ ਮਹੀਨੇ ਹਨੇਰੇ ਪੱਖ ਦੀ ਇਕਾਦਸ਼ੀ ਨੂੰ ਵਰਤ ਰੱਖਣ ਦੀ ਧਾਰਨਾ ਹੈ ਕਿ ਜੋ ਇਨਸਾਨ ਇਹ ਵਰਤ ਰੱਖੇਗਾ, ਉਸ ਦਾ ਇਹ ਜੀਵਨ ਅਤੇ ਅਗਲੇਰਾ ਜੀਵਨ ਸਫਲ ਹੋਵੇਗਾ।

ਦੂਜੇ ਪਾਸੇ ਸਿੱਖ ਸੱਭਿਆਚਾਰ ਵਿਚ ਅਜਿਹੀਆਂ ਮੰਨਤਾਂ- ਮਨਾਉਤਾਂ ਨੂੰ ਕੋਈ ਮਾਨਤਾ ਨਹੀਂ ਹੈ। ਪੋਹ ਦੇ ਮਹੀਨੇ ਪ੍ਰਤੀ ਗੁਰਮਤਿ ਵਿਚ ਸਾਨੂੰ ਕੀ ਉਪਦੇਸ਼ ਹੈ, ਇਹ ਵਿਚਾਰ ਕਰਦੇ ਹਾਂ। ਇਸ ਲੇਖ ਦੇ ਅਰੰਭ ਵਿਚ ਦਰਜ ਪੰਕਤੀਆਂ ਤੋਂ ਭਾਵ ਹੈ ਕਿ : ਪੋਹ ਦੇ ਮਹੀਨੇ ਉਨ੍ਹਾਂ ਜੀਵ-ਇਸਤਰੀਆਂ ਨੂੰ ਪਾਲਾ ਕੱਕਰ ਪ੍ਰਭਾਵਿਤ ਨਹੀਂ ਕਰਦਾ, ਜਿਨ੍ਹਾਂ ਨੂੰ ਪ੍ਰਭੂ-ਪਤੀ ਗਲ ਲੱਗ ਕੇ ਆ ਮਿਲਿਆ ਹੋਵੇ। ਜਿਸ ਜੀਵ ਦਾ ਮਨ ਪ੍ਰਭੂ ਚਰਨ ਕਮਲਾਂ ਦੀ ਪ੍ਰੀਤ ਵਿਚ ਵਿੰਨ੍ਹਿਆ ਗਿਆ ਹੋਵੇ, ਉਸ ਦਾ ਇੱਕ-ਇੱਕ ਸਾਹ ਦਰਸ਼ਨਾਂ ਦੀ ਤਾਂਘ ਵਿਚ ਲੱਗਾ ਰਹਿੰਦਾ ਹੈ।

ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥ ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥
(ਅੰਗ ੧੩੫)

ਅਜਿਹੇ ਜੀਵ ਸ੍ਰਿਸ਼ਟੀ ਦੇ ਪਾਲਕ ਪ੍ਰਭੂ ਦੀ ਟੇਕ ਉਤੇ ਜੀਵਨ ਬਤੀਤ ਕਰਦੇ ਹਨ ਅਤੇ ਮਾਲਕ ਦੀ ਸੇਵਾ, ਸਿਮਰਨ ਨੂੰ ਹੀ ਜੀਵਨ ਦਾ ਲਾਹਾ ਸਮਝਦੇ ਹਨ। ਜਦ ਉਹ ਰੱਬੀ ਗੁਣ ਗਾਇਨ ਕਰਦੇ ਹਨ ਤਾਂ ਸੰਸਾਰੀ ਰਸ-ਕਸ ਉਨ੍ਹਾਂ ਉੱਪਰ ਅਸਰ ਨਹੀਂ ਪਾ ਸਕਦੇ।

ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥ (ਅੰਗ ੧੩੫)

ਐਸੇ ਜੀਵਾਂ ਦੀ ਆਤਮਾ ਜਿਸ ਜੋਤ ਵਿੱਚੋਂ ਉਪਜੀ ਸੀ, ਉਥੇ ਮਿਲੀ ਰਹਿੰਦੀ ਹੈ ਤੇ ਸੱਚੀ ਪ੍ਰੀਤ ਸਦਕਾ ਮਨ ਵਿਚ ਖੇੜਾ ਬਣਿਆ ਰਹਿੰਦਾ ਹੈ। ਪ੍ਰਭੂ ਨੇ ਜੋ ਜੀਵ-ਇਸਤਰੀ ਦਇਆ ਕਰ ਕੇ ਅਪਣਾਅ ਲਈ, ਉਹ ਕਦੀ ਫਿਰ ਉਸ ਤੋਂ ਵਿਛੜਦੀ ਨਹੀਂ।

ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥ ਪੋਖੁ ਸੁੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧ ॥(ਅੰਗ ੧੩੫)

ਅੱਗੇ ਸਤਿਗੁਰੂ ਫ਼ੁਰਮਾਉਂਦੇ ਹਨ ਕਿ ਮੈਂ ਉਸ ਅਗਮ-ਅਗਾਹ ਪ੍ਰਭੂ ਤੋਂ ਲੱਖਾਂ ਵਾਰੀ ਸਦਕੇ ਜਾਂਦੀ ਹਾਂ, ਜਿਸ ਨੇ ਮੇਰੀ ਦਰ ਢੱਠੀ ਦੀ ਲਾਜ ਰੱਖ ਲਈ। ਇਸ ਤਰਾਂ ਪੋਹ ਦਾ ਮਹੀਨਾ ਉਸ ਲਈ ਸੁਹਾਵਣਾ ਤੇ ਸਾਰੇ ਸੁੱਖਾਂ ਦੀ ਬਖ਼ਸ਼ਿਸ਼ ਵਾਲਾ ਹੋ ਜਾਂਦਾ ਹੈ, ਜਿਸ ਉਤੇ ਪ੍ਰਭੂ ਆਪਣੀ ਮਿਹਰ ਕਰ ਦੇਵੇ।




# ਪਵਣੁ ਗੁਰੂ ਪਾਣੀ ਪਿਤਾ
# ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ

ਅੱਜ ਮਨੁੱਖਤਾ ਕਿਸੇ ਵੀ ਵਿਕਾਸ ਦੀ ਹੱਦ 'ਤੇ ਪਹੁੰਚ ਕੇ ਸੰਤ-ਰਿਪਤ ਦਿਖਾਈ ਦੇ ਰਹੀ ਹੈ ਅਤੇ ਜਿਸ ਬਾਰੇ ਕਦੇ ਸੁਪਨਾ ਵੀ ਨਹੀਂ ਸੀ ਆਇਆ, ਉਹ ਅੱਜ ਸਾਕਾਰਾਤਮਕ ਰੂਪ ਵਿਚ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਬਣ ਚੁੱਕੇ ਹਨ ਪ੍ਰੰਤੂ ਅਤੀਤ ਵੱਲ ਜੇ ਝਾਤ ਮਾਰਦੇ ਹੋਏ ਮਨੁੱਖੀ ਵਿਕਾਸ ਦੀਆਂ ਪਰਤਾਂ ਫਰੋਲੀਏ ਤਾਂ ਇਹ ਇਕ ਪ੍ਰਤੱਖ ਸੱਚਾਈ ਸਾਹਮਣੇ ਆਉਂਦੀ ਹੈ ਕਿ ਮਨੁੱਖ ਦੇ ਹੁਣ ਤਕ ਦੇ ਜ਼ਿੰਦਗੀ ਦੇ ਰੋਹੀਆਂ, ਬੀੜਾਂ, ਜੰਗਲਾਂ, ਸਾਂ-ਸਾਂ ਕਰਦੇ ਮੈਦਾਨਾਂ ਵਿਚ ਨੰਗੇ ਘੁਮੱਕੜ ਮਨੁੱਖ ਨੂੰ ਸਭ ਤੋਂ ਪਹਿਲਾਂ ਬਿਰਖ ਨੇ ਹੀ ਆਪਣੀ ਛਾਤੀ ਨਾਲ ਲਗਾਇਆ, ਉਸ ਦੇ ਨੰਗੇਜ਼ ਨੂੰ ਕੱਜਿਆ ।

ਬਿਰਖ ਨੇ ਮਨੁੱਖ ਦੇ ਵਾਤਾਵਰਣ ਨੂੰ ਸੱਚਾ-ਸੁੱਚਾ ਰੱਖਣ ਵਿਚ ਸਿਰ-ਤੋੜ ਮਿਹਨਤ ਕੀਤੀ।ਮਨੁੱਖ ਆਪਣੇ ਆਲੇ-ਦੁਆਲੇ ਅਤੇ ਵਾਤਾਵਰਣ ਪ੍ਰਤੀ ਬੇਰੁਖ਼ ਹੋਏ ਤਜਾਰਤ, ਚਮਕ-ਦਮਕ ਵਿਚ ਗਲਤਾਨ ਹੋਇਆ ਇਹ ਜੀਵ ਆਪਣੇ ਸ਼ੁੱਧ, ਸਾਫ਼ ਨਿਰਮਲ ਅਤੇ ਸਵੱਛ ਵਿਰਸੇ ਤੋਂ ਟੁੱਟਦਾ ਜਾ ਰਿਹਾ ਹੈ ।ਉਸ ਦੀ ਆਪਣੀ ਵਾਤਾਵਰਣ ਦੀ ਵਿਰਾਸਤ ਤੋਂ ਬੇਰੁਖ਼ੀ ਦਾ ਇਕ ਸਬੂਤ ਇਹ ਵੀ ਹੈ ਕਿ ਉਹ ਪ੍ਰਦੂਸ਼ਣ ਤੋਂ ਬਚਦਾ, ਬੇਵੱਸ ਹੋਇਆ ਆਪਣੇ ਮੂੰਹ 'ਤੇ ਪੱਟੀ ਬੰਨ੍ਹ ਤੁਰ ਰਿਹਾ ਹੈ-ਜਾਂ ਤਾਂ ਉਹ ਆਪਣੇ ਹੱਥੀਂ ਵਾਤਾਵਰਣ ਨੂੰ ਪ੍ਰਦੂਸ਼ਣ ਕਰਨ ਦੇ ਕਲੰਕ ਤੋਂ ਲੁਕੋ ਰਿਹਾ ਹੈ ਜਾਂ ਫਿਰ ਉਸ ਨੂੰ ਸਾਹ ਲੈਣ ਵਿਚ ਕੋਈ ਤਕਲੀਫ਼ ਹੈ ।

ਅੱਜ ਸੱਚਮੁੱਚ ਅਜਿਹੀ ਹੀ ਸਥਿਤੀ ਦਾ ਸ਼ਿਕਾਰ ਇਕੱਲਾ ਮਨੁੱਖ ਹੀ ਨਹੀਂ ਬਲਕਿ ਸਮੂਹ ਜੈਵਿਕ ਸਮੱਗਰੀ ਅਤੇ ਵਿਰਾਸਤ ਹੈ ਜਿਸ ਦਾ ਅਲੋਪ ਹੋ ਜਾਣਾ ਇਕ ਤਲਵਾਰ ਵਾਂਗ ਸਾਡੇ ਸਿਰ 'ਤੇ ਲਟਕ ਰਿਹਾ ਹੈ ।

ਪ੍ਰੰਤੂ ਇਸ ਸਭ ਤੋਂ ਅਚੇਤ ਅਤੇ ਪੈਸੇ ਦੀ ਦੌੜ ਵਿਚ ਲਗਾਤਾਰ ਅੱਗੇ ਵਧ ਰਿਹਾ ਸਭ ਤੋਂ ਵਿਕਸਿਤ ਇਹ ਕੁਦਰਤੀ ਜੀਵ ਇਨਸਾਨ ਤੋਂ ਹੈਵਾਨ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ।ਜੰਗਲਾਂ ਦੀ ਅੰਨ੍ਹੇਵਾਹ ਕਟਾਈ ਕਾਰਨ ਅੱਜ ਧਰਤੀ 'ਤੇ ਬਿਰਖਾਂ ਦੀਆਂ ਵੱਡਮੁੱਲੀਆਂ ਕਿਸਮਾਂ ਅਲੋਪ ਹੋ ਚੁੱਕੀਆਂ ਹਨ ਜਾਂ ਅਲੋਪ ਹੋਣ ਕਿਨਾਰੇ ਹਨ।(ਮਨੁੱਖਤਾ ਦੇ ਸਹੀ ਵਿਕਾਸ ਅਤੇ ਨਰੋਏ ਵਾਤਾਵਰਣ ਲਈ ਧਰਤੀ ਦਾ 58 ਫ਼ੀਸਦੀ ਹਿੱਸਾ ਜੰਗਲਾਂ ਨਾਲ ਕੱਜਿਆ ਹੋਣਾ ਲਾਜ਼ਮੀ ਹੈ ਜਦ ਕਿ ਅੱਜ ਵਿਸ਼ਵ ਵਿਚ ਤਕਰੀਬਨ 12 ਫ਼ੀਸਦੀ ਜੰਗਲ ਰਹਿ ਗਏ ਹਨ ਅਤੇ ਜੇ ਇਹੋ ਰੁਝਾਨ ਰਿਹਾ ਤਾਂ ਇਹ ਇਸ ਤੋਂ ਵੀ ਘੱਟ ਰਹਿ ਜਾਣਗੇ ਜਿਸ ਦੇ ਸਿੱਟੇ ਸ੍ਰਿਸ਼ਟੀ ਲਈ ਹੀ ਘਾਤਕ ਰਹਿਣਗੇ ।

ਇਨ੍ਹਾਂ ਬਿਰਖਾਂ ਦੀ ਹੀ ਅਣਹੋਂਦ ਕਾਰਨ ਅੱਜ ਹਵਾ ਵਿਚ ਕਾਰਬਨ ਡਾਇਆਕਸਾਈਡ ਦੀ ਮਾਤਰਾ ਤੀਬਰਤਾ ਨਾਲ ਵਧ ਰਹੀ ਹੈ ਕਿਉਂਕਿ ਪ੍ਰਕਾਸ਼ ਸੰਸ਼ਲੇਸ਼ਣ ਰਾਹੀਂ ਇਸ ਨੂੰ ਆਕਸੀਜਨ ਵਿਚ ਤਬਦੀਲ ਕਰਨ ਦੀ ਯੋਗਤਾ ਰੁੱਖਾਂ ਦੀ ਅਣਹੋਂਦ ਕਾਰਨ ਖ਼ਤਮ ਹੋ ਰਹੀ ਹੈ।ਸੰਨ 1980 ਵਿਚ ਵਾਯੂਮੰਡਲ ਦੇ ਦਸ ਲੱਖ ਹਿੱਸੇ ਵਿਚ 388 ਹਿੱਸੇ ਕਾਰਬਨ ਡਾਇਆਕਸਾਈਡ ਸੀ ਅਤੇ ਜੇ ਜਲਣ ਕ੍ਰਿਆ ਦੀ ਰਫ਼ਤਾਰ ਇਹੋ ਰਹੀ ਤਾਂ ਭਵਿੱਖ ਵਿੱਚ ਇਹ ਹੋਰ ਵੱਧ ਜਾਵੇਗੀ ਜਿਸ ਦਾ ਵੱਡਾ ਕਾਰਨ 50 ਹੈਕਟੇਅਰ ਪ੍ਰਤੀ ਮਿੰਟ ਦੇ ਹਿਸਾਬ ਨਾਲ ਅਲੋਪ ਹੋ ਰਹੇ ਊਸ਼ਣ ਖੰਡੀ ਜੰਗਲ ਹਨ ਜਿਹੜੇ ਗਰੀਨ ਹਾਊਸ ਅਸਰ ਲਈ ਜ਼ਿੰਮੇਵਾਰ ਹਨ ।ਅੱਜ ਅਸੀਂ ਤਕਰੀਬਨ ਛੇ ਸੌ ਕਰੋੜ ਟਨ ਕਾਰਬਨਿਕ ਬਾਲਣ ਜਲਾ ਰਹੇ ਹਾਂ ਜਿਸ ਨਾਲ ਤਾਪਮਾਨ ਦਾ ਵਾਧਾ ਸੁਭਾਵਿਕ ਹੈ।

ਅਸੀਂ ਹਰ ਸਾਲ 21 ਕਰੋੜ ਟਨ ਕਾਰਬਨ ਮੋਨੋਆਕਸਾਈਡ, 14.5 ਕਰੋੜ ਟਨ ਸਲਫਰ ਡਾਇਆਕਸਾਈਡ ਅਤੇ 5.5 ਕਰੋੜ ਟਨ ਨਾਈਟਰਸ ਆਕਸਾਈਡ ਅਚੇਤ ਤੌਰ 'ਤੇ ਵਾਯੂ-ਮੰਡਲ ਵਿਚ ਗ਼ੈਰ-ਕੁਦਰਤੀ ਵਰਤਾਰੇ ਅਧੀਨ ਧੱਕ ਰਹੇ ਹਾਂ ਅਤੇ ਵਾਯੂ-ਮੰਡਲ ਦਾ ਤਾਪ-ਮਾਨ ਵਧਣ ਨਾਲ ਉੱਤਰੀ ਅਤੇ ਦੱਖਣੀ ਧਰੁਵ 'ਤੇ ਜੰਮੀ ਬਰਫ਼ ਦਾ ਪਿਘਲਣਾ ਅਤੇ ਉਥੋਂ ਦੀਆਂ ਪ੍ਰਸਥਿਤੀਆਂ ਨਾਲ ਹੋ ਰਹੇ ਖਿਲਵਾੜ ਦਾ ਸਿੱਟਾ ਇਹ ਹੈ ਕਿ ਸਮੁੰਦਰ ਦਾ ਤਲ 20 ਸੈਂਟੀਮੀਟਰ ਤਕ ਉੱਚਾ ਹੋ ਗਿਆ ਅਤੇ ਇਹ ਵਰਤਾਰਾ ਜੇ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਸਮੁੰਦਰੀ ਟਾਪੂ ਅਤੇ ਤਟੀ ਇਲਾਕੇ ਅਲੋਪ ਹੋ ਜਾਣ ਦਾ ਖ਼ਤਰਾ ਮੰਡਰਾ ਰਿਹਾ ਹੈ ।ਇਸੇ ਤਰ੍ਹਾਂ ਇਸ ਦਾ ਸਿੱਟਾ ਓਜ਼ੋਨ ਪਰਤ ਦੇ ਛਿਦਣ ਕਾਰਨ ਧਰਤੀ 'ਤੇ ਆ ਰਹੀਆਂ ਖ਼ਤਰਨਾਕ ਸੂਰਜੀ ਕਿਰਨਾਂ ਹਨ ਜਿਹੜੀਆਂ ਚਮੜੀ 'ਤੇ ਮਾਰੂ ਅਸਰ ਕਰਨ ਤੋਂ ਇਲਾਵਾ ਕੋਸ਼ਿਕਾਵਾਂ ਵਿਚ ਮੌਜੂਦ ਗੁਣ ਸੂਤਰਾਂ ਨਾਲ ਛੇੜ-ਛਾੜ ਕਰ ਕੇ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਲਈ ਵੀ ਜ਼ਿੰਮੇਵਾਰ ਸਿੱਧ ਹੋਈਆਂ ਹਨ।

ਇਹੋ ਸਥਿਤੀ ਅੱਜ ਜ਼ਮੀਨ ਹੇਠਲੇ ਪਾਣੀ ਦੀ ਹੈ ।ਲਗਾਤਾਰ ਅਤੇ ਅਣ-ਤਰਤੀਬੇ ਸ਼ਹਿਰੀਕਰਨ ਨੇ ਇਸ ਨਾਲ ਖਿਲਵਾੜ ਕਰਨਾ ਸ਼ੁਰੂ ਕੀਤਾ।ਘਰਾਂ ਵਿਚ ਸੈਪਟਿਕ ਟੈਂਕਾਂ ਦੀ ਜਗ੍ਹਾ ਬਣ ਰਹੀਆਂ ਗਰਕੀਆਂ ਨੇ ਸਾਡੇ ਜ਼ਮੀਨੀ ਪਾਣੀ ਨੂੰ ਬੈਕਟੀਰੀਆ ਅਤੇ ਹੋਰ ਮੈਲੇ ਤੱਤਾਂ ਨਾਲ ਭਰਪੂਰ ਕੀਤਾ ਜਿਸ ਕਾਰਨ ਪੀਲੀਆ ਅਤੇ ਪੇਟ ਦੀਆਂ ਬੀਮਾਰੀਆਂ ਦੇ ਰੋਗੀ ਹਸਪਤਾਲ ਵਿਚ ਆਮ ਦੇਖਣ ਨੂੰ ਮਿਲਦੇ ਹਨ ।ਜਮੀਨੀ ਪਾਣੀ ਦੀਆਂ ਪਹਿਲੀਆਂ ਦੋ ਪਰਤਾਂ ਉਦਯੋਗੀਕਰਨ ਅਤੇ ਸ਼ਹਿਰੀਕਰਨ ਕਾਰਨ ਪੂਰੀ ਤਰ੍ਹਾਂ ਦੂਸ਼ਿਤ ਹੋ ਚੁੱਕੀਆਂ ਹਨ।

ਇਸ ਤੋਂ ਇਲਾਵਾ ਉਦਯੋਗਿਕ ਇਕਾਈਆਂ ਦੁਆਰਾ ਕੱਢਿਆ ਜਾ ਰਿਹਾ ਦੂਸ਼ਿਤ ਪਾਣੀ ਵੀ ਬਰਸਾਤੀ ਨਾਲਿਆਂ ਆਦਿ ਵਿਚ ਸੁੱਟਿਆ ਜਾਂਦਾ ਹੈ ਜਿਸ ਨੂੰ ਭੋਲੇ-ਅਨਪੜ੍ਹ ਕਿਸਾਨ ਪਾਣੀ ਦੀ ਥੋੜ੍ਹ ਕਾਰਨ ਸਿੰਚਾਈ ਲਈ ਵਰਤਦੇ ਹਨ ਪ੍ਰੰਤੂ ਇਸ ਦਾ ਸਿੱਟਾ ਜਮੀਨ ਦੇ ਉਪਜਾਊਪੁਣੇ ਨੂੰ ਪ੍ਰਭਾਵਿਤ ਕਰਨ ਤੋਂ ਇਲਾਵਾ ਫ਼ਸਲ ਨੂੰ ਉਨ੍ਹਾਂ ਜ਼ਹਿਰੀਲੇ ਤੱਤਾਂ ਅਤੇ ਧਾਤਾਂ ਨਾਲ ਭਰਪੂਰ ਕਰ ਦਿੰਦਾ ਹੈ।ਜੋ ਸਮਾਂ ਪਾ ਕੇ ਸਿੱਧੇ ਤੌਰ 'ਤੇ ਜੀਵਾਂ ਲਈ ਮਾਰੂ ਸਿੱਧ ਹੁੰਦੀਆਂ ਹਨ ।ਇਸੇ ਅਨਪੜ੍ਹਤਾ ਦਾ ਸਿੱਟਾ ਹੈ ਕਿ ਕਣਕ ਅਤੇ ਜੀਰੀ ਦੀ ਵਾਢੀ ਤੋਂ ਬਚੀ ਪਰਾਲੀ ਨੂੰ ਕਿਸਾਨ ਖੜ੍ਹੇ ਖੇਤ ਵਿਚ ਹੀ ਅੱਗ ਲਗਾ ਕੇ ਸਾਰੇ ਪੰਜਾਬ ਨੂੰ ਭਾਂਬੜਾਂ ਅਤੇ ਧੂੰਏਂ ਦੀ ਲਪੇਟ ਵਿਚ ਲਿਆ ਕੇ ਖ਼ਤਰਨਾਕ ਬੀਮਾਰੀਆਂ ਦੀ ਪਰਵਰਿਸ਼ ਕਰ ਰਹੇ ਹੁੰਦੇ ਹਨ।ਖੇਤੀ ਮਾਹਿਰਾਂ ਦੀਆਂ ਰਿਪੋਰਟਾਂ ਨੂੰ ਲਾਂਭੇ ਰੱਖ ਲਗਾਤਾਰ ਜ਼ਮੀਨੀ ਪਾਣੀ ਨਾਲ ਖਿਲਵਾੜ ਪੰਜਾਬ ਨੂੰ ਮਾਰੂਥਲ ਬਣਨ ਵੱਲ ਧੱਕ ਰਿਹਾ ਹੈ ।

ਵਾਤਾਵਰਣ ਦੇ ਇਸ ਚੌਪਾਸੀ ਅਤੇ ਚਹੁੰ-ਪੱਖੀ ਗਿਰਾਵਟ ਦਾ ਸੰਦਰਭ ਬੜਾ ਡੂੰਘਾ ਅਤੇ ਬਹੁ-ਪੱਖੀ ਹੈ।ਮਨੁੱਖ ਅਤੇ ਜੀਵ ਜੰਤੂਆਂ ਦਾ ਪ੍ਰਦੂਸ਼ਣ ਅਤੇ ਸਾਮਰਾਜੀ ਪ੍ਰਦੂਸ਼ਣ ਦਾ ਬੜਾ ਗਹਿਰਾ ਸਬੰਧ ਹੈ।

ਅਜੋਕੇ ਆਧੁਨਿਕ ਵਿਕਾਸ; ਜੋ ਸਾਮਰਾਜ ਦੇ ਇਕ ਪੱਖੀ ਵਿਗਿਆਨਕ ਅਤੇ ਤਕਨਾਲੋਜੀ ਦੇ ਸੰਵਾਦ 'ਤੇ ਆਧਾਰਤ ਹੈ, ਨੇ ਵੰਨ-ਸੁਵੰਨੇ ਸਥਾਨਕ ਪਾਣੀ ਦੇ ਜ਼ਖੀਰਿਆਂ ਨੂੰ ਪ੍ਰਦੂਸ਼ਤ ਕਰਕੇ ਨਾ ਕੇਵਲ ਕੁਦਰਤ ਨੂੰ ਵੀ ਨਿਰਾਦਰਿਆ ਹੈ ਸਗੋਂ ਇਨ੍ਹਾਂ ਜ਼ਖ਼ੀਰਿਆਂ ਦੇ ਕਿਨਾਰਿਆਂ 'ਤੇ ਪੈਦਾ ਹੋਏ ਅਤੇ ਵਿਚਰਦੇ ਸਭਿਆਚਾਰ ਨੂੰ ਵੀ ਸੱਟ ਮਾਰੀ ਹੈ।ਗੰਗਾ ਨਦੀ, ਜੋ ਨਿਰੋਲ ਧਾਰਮਿਕ ਪ੍ਰਤੀਕ ਹੀ ਨਹੀਂ, ਸਗੋਂ ਸਾਫ਼ ਅਤੇ ਸਵੱਛ ਜ਼ਿੰਦਗੀ ਦਾ ਇਕ ਬਿੰਬ ਹੈ, ਦੀ ਸਵੱਛਤਾ ਮਲੀਨ ਹੋਣ ਨਾਲ ਜਿਥੇ ਗੰਗਾ ਦਾ ਇਹ ਬਿੰਬ ਸਮਾਜਿਕ ਤੌਰ 'ਤੇ ਟੁੱਟਿਆ ਹੈ, ਉਥੇ ਸਰਕਾਰ ਨੂੰ ਕਰੋੜਾਂ ਰੁਪਏ ਖ਼ਰਚ ਕੇ ਇਸ ਦੀ ਸ਼ੁੱਧਤਾ ਨੂੰ ਮੁੜ ਸੁਰਜੀਤ ਕਰਨ ਲਈ ਯਤਨ ਕਰਨੇ ਪੈ ਰਹੇ ਹਨ।

**ਡਾ: ਚਰਨਜੀਤ ਸਿੰਘ**

# ਅਧਿਆਤਮਕ ਵਿਗਾਸ



ਪੱਤੇ ਕਿਰਦੇ ਹਨ, ਬਿਨਾਂ ਜਤਨ, ਪੂਰਨ ਸੁਤੰਤਰਤਾ ਨਾਲ, ਹਵਾ ਜਿੱਧਰ ਲੈ ਜਾਏ, ਚਲੇ ਜਾਂਦੇ ਹਨ ।ਉਹ ਆਪਣਾ ਕੋਈ ਪੰਧ ਮੁਕੱਰਰ ਨਹੀਂ ਕਰਦੇ।

ਸੱਚ ਅਧਿਆਤਮਕ ਜੀਵਨ ਦਾ ਬੀਜ ਹੈ।ਸਾਰੀ ਉਪਜ ਸੱਚ ਤੋਂ ਸੰਭਵ ਹੈ ।ਸੱਚ ਹੀ ਸਿਰਜਣਾ ਤੋਂ ਪਹਿਲਾਂ ਮੌਜੂਦ ਸੀ, ਸਿਰਜਣਾ ਵੇਲੇ ਵੀ ਇਹ ਕਾਇਮ ਸੀ, ਹੁਣ ਵੀ ਵਰਤ ਰਿਹਾ ਹੈ ਤੇ ਸਦਾ ਸਦਾ ਇਸ ਨੇ ਬਣੇ ਰਹਿਣਾ ਹੈ:

ਆਦਿ ਸਚੁ ਜੁਗਾਦਿ ਸਚੁ ॥ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ਅੰਗ ੧

ਜੇਕਰ ਇਸ ਬੀਜ ਉਪਰ ਅਵਿਰਲ ਧਿਆਨ ਦੀ ਫੁਹਾਰ ਪੈਂਦੀ ਰਹੇ ਤਾਂ ਇਸ ਬੀਜ ਵਿੱਚੋਂ ਫੁਟਾਓ ਉਠਦਾ ਹੈ।ਇਹ ਫੁਟਾਓ ਸੰਜਮ ਤੇ ਸੰਤੋਖ ਦਾ ਹੁੰਦਾ ਹੈ, ਜਿਸ ਨਾਲ ਜ਼ਿੰਦਗੀ ਸੰਭਲਦੀ ਹੈ। ਇਸ ਫੁਟਾਓ ਨੂੰ ਫਿਰ ਸ਼ਾਂਤੀ ਦੇ ਫੁੱਲ ਪੈਂਦੇ ਹਨ।ਇਹ ਸ਼ਾਂਤੀ ਪੈਦਾ ਤਾਂ ਸਾਧਕ ਦੇ ਅੰਦਰੋਂ ਹੁੰਦੀ ਹੈ, ਪਰ ਇਸ ਦੀ ਸੁਗੰਧ ਸਾਧਕ ਦੀ ਹੋਂਦ ਵਿੱਚੋਂ ਇਉਂ ਫੁੱਟ ਫੁੱਟ ਕੇ ਚਾਰ ਚੁਫੇਰੇ ਨੂੰ ਸੁਗੰਧਿਤ ਕਰਦੀ ਹੈ, ਜਿਵੇਂ ਹਿਰਨ ਦੇ ਨਾਫ਼ੇ ਵਿੱਚੋਂ ਕਸਤੂਰੀ ਦੀ ਖ਼ੁਸ਼ਬੂ ਫੁੱਟ ਕੇ ਚੁਵੱਲੇ ਫੈਲਦੀ ਹੈ।ਇਸ ਫੁੱਲ ਵਿੱਚੋਂ ਹੀ ਫਿਰ ਮੁਕਤੀ ਦਾ ਫਲ ਪਨਪਦਾ ਹੈ।

ਇਸ ਲਈ ਸੱਚ ਦੇ ਵਪਾਰੀ ਹੋ ਕੇ ਸੱਚ ਵਿਹਾਜੀਏ:

ਸਚੇ ਕਾ ਵਾਪਾਰੀ ਹੋਵੈ ਸਚੋ ਸਉਦਾ ਪਾਇਦਾ ਅੰਗ ੧੦੩੬

ਇਹ ਅਧਿਆਤਮਕਤਾ ਦਾ ਪਹਿਲਾ ਕਦਮ ਹੈ।ਸੱਚ ਨੂੰ ਜ਼ਿੰਦਗੀ ਵਿਚ ਜੂਰਨ, ਭਾਵ ਜਜ਼ਬ ਹੋਣ ਦੇਵੀਏ, ਪ੍ਰਾਣਾਂ ਵਿਚ ਵਿਚਰਨ ਦੇਵੀਏ।ਕੇਵਲ ਸੱਚ ਬੋਲਣਾ ਹੀ ਕਾਫ਼ੀ ਨਹੀਂ, ਵਿਹਾਰ ਵਿਚ ਵੀ ਤੇ ਸੋਚਾਂ ਵਿਚ ਵੀ ਸਚਿਆਰਤਾ ਦਾ ਵਰਤਾਰਾ ਲੋੜੀਏ।ਵਿਹਾਰ ਵਿਚ ਸਚਿਆਰਤਾ ਤਦੇ ਹੀ ਵਰਤਦੀ ਹੈ, ਜੇ ਸੱਚੇ ਦਾ ਸਿਮਰਨ ਕਰੀਏ, ਉਸ ਉਪਰ ਧਿਆਨ ਜੋੜੀਏ।ਜਦੋਂ ਧਿਆਨ ਜੁੜਨ ਲੱਗਦਾ ਹੈ।ਤਾਂ ਇਕ ਸ਼ਾਂਤੀ, ਇਕ ਖੇੜਾ ਅੰਦਰ ਪ੍ਰਤੀਤ ਹੋਣ ਲੱਗਦਾ ਹੈ।ਇਹ ਸ਼ਾਂਤੀ ਵਿਆਪਕ ਹੋ ਜਾਂਦੀ ਹੈ—ਕੇਵਲ ਆਪਣੇ ਅੰਦਰ ਹੀ ਨਹੀਂ, ਸਭ ਥਾਈਂ ਪਸਰੀ ਹੋਈ ਪ੍ਰਤੀਤ ਹੁੰਦੀ ਹੈ।ਤਦ ਸਾਰੇ ਬੰਧਨ ਸਮਾਪਤ ਹੋ ਜਾਂਦੇ ਹਨ, ਕੋਈ ਬਾਕੀ ਨਹੀਂ ਰਹਿੰਦਾ।ਇਉਂ ਜਦ ਬੰਧਨ ਨਿਬੜ ਜਾਂਦੇ ਹਨ ਤਾਂ ਮੋਖ ਅਥਵਾ ਮੁਕਤੀ ਦੀ ਸਹਿਜ ਪ੍ਰਾਪਤੀ ਹੋ ਜਾਂਦੀ ਹੈ:

ਜੋ ਜੋ ਸੁਣੈ ਕਹੈ ਸੋ ਮੁਕਤਾ ਰਾਮ ਜਪਤ ਸੋਹਾਇ ॥ਅੰਗ ੮੮੧

ਇਹੋ ਅਧਿਆਤਮਕ ਜੀਵਨ ਦੀ ਸਿਖਰ ਪ੍ਰਾਪਤੀ ਹੈ।

**ਡਾ. ਜਸਵੰਤ ਸਿੰਘ ਨੇਕੀ**
**(ਗੁਰਮਤਿ ਮਨੋਵਿਗਿਆਨ ਵਿੱਚੋਂ)**

# ਮਾਹ ਦਿਵਸ ਮੂਰਤ ਭਲੇ

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥
ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥(ਅੰਗ ੧੩੫)

ਸਿੱਖ ਸੱਭਿਆਚਾਰ ਵਿਚ ਦਿਨਾਂ, ਮਹੀਨਿਆਂ ਅਤੇ ਮਹੂਰਤਾਂ ਦੇ ਭਰਮ ਅਤੇ ਫੋਕਟ ਵਿਚਾਰਾਂ ਨੂੰ ਬਿਲਕੁਲ ਪਖੰਡ ਕਰਮ ਮੰਨਿਆ ਗਿਆ ਹੈ ਕਿਉਂਕਿ ਅਗਿਆਨਤਾ ਵਿਚ ਗ੍ਰਸਿਆ ਸੰਸਾਰ ਫਿਰ ਇਨ੍ਹਾਂ ਦੇ ਉਪਾਅ ਕਰਾਉਂਦਾ ਹੋਇਆ ਬੌਧਿਕ, ਮਾਨਸਿਕ ਤੇ ਆਰਥਿਕ ਸ਼ੋਸ਼ਣ ਦਾ ਸ਼ਿਕਾਰ ਹੋ ਕੇ ਰਹਿ ਜਾਂਦਾ ਹੈ।

ਇੱਕੀਵੀਂ ਸਦੀ ਦੀ ਤਸਵੀਰ ਝਬਦੇ ਹੀ ਦੇਖਣੀ ਹੋਵੇ ਤਾਂ 27 ਨਵੰਬਰ 2013 ਦੇ ਇਕ ਅਖ਼ਬਾਰ ਦੀ ਖ਼ਬਰ ਵਿਚ ਨਵਾਂ ਸ਼ੋਸ਼ਾ ਸੀ ਕਿ ਦਸੰਬਰ ਦੇ ਮਹੀਨੇ 5 ਐਤਵਾਰ, 5 ਸੋਮਵਾਰ ਤੇ 5 ਮੰਗਲਵਾਰ ਆਉਣਗੇ।ਇਹ ਯੋਗ 843 ਸਾਲ ਬਾਅਦ ਬਣਿਆ ਹੈ।ਇਸ ਲਈ 11 ਦਸੰਬਰ ਦਾ ਦਿਨ ਵਿਸ਼ੇਸ਼ ਹੋਵੇਗਾ ਤੇ ਇਸ ਦਿਨ ਲੋਕ ਜੋ ਵੀ ਸ਼ੁੱਭ ਇੱਛਾਵਾਂ ਮੰਗਣਗੇ ਉਹ ਪੂਰੀਆਂ ਹੋਣਗੀਆਂ।ਸਤਿਗੁਰਾਂ ਨੇ ਬਾਣੀ ਵਿਚ ਅਜਿਹੀ ਵਹਿਮੀ, ਲਾਲਚੀ ਤੇ ਡਰਪੋਕ ਕਿਸਮ ਦੀ ਵਿਚਾਰਧਾਰਾ ਨੂੰ ਇਸ ਲਈ ਰੱਦ ਕੀਤਾ ਕਿ ਇਨ੍ਹਾਂ ਗੱਲਾਂ ਵਿਚ ਸੱਚਾਈ ਕੋਈ ਨਹੀਂ ਹੈ।ਮਨੁੱਖ ਕਰਮ ਭਾਵ ਕਾਰਜ ਚੰਗਾ ਕਰੇ ਤਾਂ ਦਿਨ ਮਹੀਨੇ ਮਹੂਰਤ ਸਭ ਭਲੇ ਹਨ।ਫ਼ਰਮਾਨ ਹੈ:

ਥਿਤੀ ਵਾਰ ਸੇਵਹਿ ਮੁਗਧ ਗਵਾਰ ॥(ਅੰਗ ੮੪੩)

ਭਾਵ ਥਿੱਤਾਂ ਵਾਰਾਂ ਦੀ ਵਿਚਾਰ ਤੇ ਵਹਿਮ ਕਰਨ ਵਾਲਾ ਵੱਡਾ ਮੂਰਖ ਹੈ।ਹੁਣ ਜੇ ਇਸ ਧਰਤੀ ਦੇ ਅੰਧਵਿਸ਼ਵਾਸ ਦੀ ਗਿਣਤੀ ਕਰੀਏ ਤਾਂ ਗਿਣਤੀ ’ਚ ਨਹੀਂ ਸਮਾਉਣਗੇ।ਜਿਵੇਂ ਮਹੀਨਿਆਂ ਦੀ ਵਿਚਾਰ ਦੇਖੋ ਤਾਂ ਕੁੱਤੇ ਦੇ ਮਹੀਨੇ ਪੁੱਤ ਜੰਮਣਾ ਮਾੜਾ, ਭਾਦਰੋਂ ਦੇ ਮਹੀਨੇ ਗਾਂ ਸੁਈ ਬੁਰੀ, ਸਉਣ ਦੇ ਮਹੀਨੇ ਘੋੜੀ, ਮਾਘ ਵਿਚ ਮਹਿੰ, ਅੱਸੂ ਦੇ ਹਨੇਰੇ ਪੱਖ ਦੇ ਪੰਦਰਾਂ ਦਿਨ ਸਰਾਧਾਂ ਦੇ ਤੇ ਇਸ ਵਿਚ ਖ਼ੁਸ਼ੀ ਦਾ ਕਾਰਜ ਨਹੀਂ ਹੋ ਸਕਦਾ ਅਤੇ ਇਸੇ ਤਰ੍ਹਾਂ ਬੇਅੰਤ ਭਰਮ ਹਨ।ਹੁਣ ਮੌਸਮ, ਰੁੱਤ, ਮੀਂਹ ਕਣੀ ਆਦਿ ਨੂੰ ਵਿਚਾਰ ਕੇ ਕਿਸੇ ਸਮੇਂ ਕੁਝ ਮਹੀਨਿਆਂ ਸੰਬੰਧੀ ਜਾਗ੍ਰਿਤੀ ਹੋਣੀ ਵੱਖਰੀ ਗੱਲ ਹੈ ਪਰ ਯੁੱਗ ਦੇ ਬਦਲਾਓ ਨਾਲ ਬੀਤੇ ਨੂੰ ਪਿੱਟੀ ਜਾਣਾ ਸਿਆਣਪ ਵੀ ਨਹੀਂ।ਅੱਜ ਵੀ ਰੁੱਤ ਜਾਂ ਮੌਸਮ ਦੇ ਲਿਹਾਜ ਨਾਲ ਸਾਡੇ ਪ੍ਰੋਗਰਾਮ ਉਲੀਕੇ ਜਾਂਦੇ ਹਨ।ਇਹ ਭਰਮ ਨਹੀਂ, ਗਿਆਨ ਹੈ।ਇਸ ਲਈ ਮਹੀਨਿਆਂ ਦੀ ਵਿਚਾਰ ਨੂੰ ਭਰਮ ਦੀ ਦ੍ਰਿਸ਼ਟੀ ਤੋਂ ਨਹੀਂ ਸਗੋਂ ਗਿਆਨ ਦੀ ਦ੍ਰਿਸ਼ਟੀ ਤੋਂ ਵਿਚਾਰਨ ਦੀ ਵੱਧ ਲੋੜ ਹੈ।ਪਰ ਸਾਡੇ ਲੋਕਾਂ ਨੂੰ ਮਹੀਨਿਆਂ ਦੇ ਭਰਮ ਪਾ ਕੇ ਲੁੱਟਿਆ ਜਾ ਰਿਹਾ ਹੈ।ਹੁਣ ਜੇਕਰ ਦਿਵਸ ਭਾਵ ਦਿਨਾਂ ਦੇ ਭਰਮ ਦੀ ਗੱਲ ਕਰੀਏ ਤਾਂ ਹਫ਼ਤੇ ਦੇ ਸੱਤ ਹੀ ਦਿਨ ਹਨ ਤੇ ਚਾਰ ਦਿਨ ਅਸੀਂ ਨਕਾਰੇ ਹੋਏ ਹਨ।ਐਤਵਾਰ ਛੁੱਟੀ ਅਤੇ ਮੰਗਲ, ਵੀਰ ਤੇ ਸ਼ਨੀ ਚੰਗੇ ਨਹੀਂ ਹਨ।ਗੁਰਮਤਿ ਦੀ ਦ੍ਰਿਸ਼ਟੀ ਤੋਂ ਸਾਰੇ ਹੀ ਭਲੇ ਹਨ ਪਰ ਸਾਡਾ ਕਰਮ ਭਲਾ ਹੋਣਾ ਚਾਹੀਦਾ ਹੈ।ਬੁੱਧਵਾਰ ਕੀਤਾ ਹੋਇਆ ਪਾਪ ਕਰਮ ਕਦੇ ਪੁੰਨ ਨਹੀਂ ਬਣੇਗਾ ਕਿਉਂਕਿ ਭਾਵਨਾ ਬੁਰੀ ਹੈ ਅਤੇ ਦੂਜੇ ਪਾਸੇ ਮੰਗਲ, ਵੀਰ ਜਾਂ ਸ਼ਨੀਵਾਰ ਨੂੰ ਕੀਤਾ ਪੁੰਨ ਕਰਮ ਕਦੇ ਪਾਪ ਨਹੀਂ ਹੋਵੇਗਾ ਕਿਉਂਕਿ ਭਾਵਨਾ ਭਲੀ ਹੈ।ਇਸੇ ਤਰਾਂ ਇਨ੍ਹਾਂ ਦਿਨਾਂ ਸੰਬੰਧੀ ਫੋਕਟ ਵਿਚਾਰਾਂ ਹਨ ਕਿ ਮੰਗਲਵਾਰ ਕੇਸੀ ਇਸ਼ਨਾਨ ਨਹੀਂ ਕਰਨਾ, ਮੰਗਲ, ਬੁੱਧ ਪਹਾੜਾਂ ਵੱਲ ਨਹੀਂ ਜਾਣਾ, ਬੁੱਧਵਾਰ ਲੰਮੀਆਂ ਵਾਟਾਂ ਵਾਲੇ ਰਸਤੇ ਨਹੀਂ ਪੈਣਾ।ਫਲਾਣੇ ਦਿਨ ਨਵੇਂ ਕੱਪੜੇ ਨਹੀਂ ਪਾਉਣੇ, ਵੀਰਵਾਰ ਕੁੜੀਆਂ ਵੀਰਾਂ ਨੂੰ ਘਰੋਂ ਨਹੀਂ ਤੋਰਦੀਆਂ ਅਖੇ ਵੀਰ ਨੂੰ ਵਿਛੜੇ ਫਿਰ ਵੀਰਾਂ ਦੇ ਮਿਲਾਪ ਨਹੀਂ ਹੁੰਦੇ।ਵੀਰਵਾਰ ਕੱਪੜੇ ਵੀ ਨਹੀਂ ਧੋਈਦੇ ਪਿੱਤਰਾਂ ਨੂੰ ਮੈਲ ਜਾਂਦੀ ਹੈ।ਭਾਵੇਂ ਇਹ ਪੁਰਾਣੀਆਂ ਰੂੜੀਵਾਦੀ ਵਿਚਾਰਾਂ ਹਨ ਪਰ ਦੂਜੇ ਪਾਸੇ ਅੱਜ ਵੀ ਸ਼ਨੀਵਾਰ ਨੂੰ ਪੰਜਾਬ ਦੇ 157 ਸ਼ਹਿਰਾਂ ਕਸਬਿਆਂ ਵਿਚ ਪਖੰਡ ਕਰਮ ਦੇਖ ਲਵੋ।ਅਖ਼ਬਾਰੀ ਰੀਪੋਰਟ ਅਨੁਸਾਰ ਇਕੱਲੇ ਪੰਜਾਬ ’ਚ ਪੂਰੇ ਸਾਲ ਦੇ 52 ਕੁ ਸ਼ਨੀਵਾਰਾਂ ਨੂੰ ਨਿੰਬੂ ਤੇ ਹਰੀਆਂ ਮਿਰਚਾਂ ਦਾ ਪਖੰਡ ਕਰਮ 18 ਕਰੋੜ ਦੀ ਰਾਸ਼ੀ ਤਕ ਪਹੁੰਚ ਗਿਆ ਹੈ।ਇਸੇ ਤਰ੍ਹਾਂ ਕਰੋੜਾਂ ਰੁਪਏ ਦੇ ਨਾਰੀਅਲ ਮੰਗਲਵਾਰ, ਵੀਰਵਾਰ ਅਤੇ ਸ਼ਨੀਵਾਰ ਦੇ ਦਿਨ ਚੌਰਾਹਿਆਂ ਅਤੇ ਨਦੀਆਂ ਨਹਿਰਾਂ ਵਿਚ ਰੋਹੜ ਦਿੱਤੇ ਜਾਂਦੇ ਹਨ।ਫਿਰ ਨਗਾਂ ਮੁੰਦਰੀਆਂ ਤੋਂ ਲੈ ਕੇ ਕੱਪੜਿਆਂ ਦੇ ਰੰਗਾਂ ਦੇ ਭਰਮ ਅਤੇ ਕਿਸ ਦਿਨ ਕੀ ਖਾਣਾ ਤੇ ਕੀ ਨਹੀਂ ਖਾਣਾ ਇਹ ਵੀ ਪਖੰਡ ਕਰਮ ਬਣ ਚੁੱਕਾ ਹੈ।ਸਤਿਗੁਰ ਤਾਂ ਫ਼ਰਮਾਉਂਦੇ ਹਨ:

ਦਿਨੁ ਰੈਣਿ ਸਭ ਸੁਹਾਵਣੇ ਪਿਆਰੇ ਜਿਤੁ ਜਪੀਐ ਹਰਿ ਨਾਉ ॥(ਅੰਗ ੪੩੨)

ਅੱਗੇ ਸ਼ਬਦ ‘ਮੂਰਤ (ਮਹੂਰਤ) ਹੈ।ਗੁਰਮਤਿ ਮਾਰਤੰਡ ਵਿਚ ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਸਮਝਾਇਆ ਹੈ ਕਿ ਮਹੂਰਤ, ਬਾਰਾਂ ਛਿਨ ਅਤੇ ਦੋ ਘੜੀਆਂ ਦੇ ਸਮੇਂ ਦਾ ਨਾਮ ਮਹੂਰਤ ਹੈ ਪਰ ਜੋਤਸ਼ੀਆਂ ਤੋਂ ਸ਼ੁੱਭ ਸਮਾਂ ਕਿਸੇ ਕੰਮ ਦੇ ਕਰਨ ਲਈ ਠਹਿਰਾਇਆ ਜਾਣਾ ਪ੍ਰਸਿੱਧ ਅਰਥ ਰੱਖਦਾ ਹੈ।ਅੱਗੇ ਉਨ੍ਹਾਂ ਨੇ ਇਨ੍ਹਾਂ ਫੋਕਟ ਕਰਮਾਂ ਦਾ ਵੀ ਭਰਮ-ਜਾਲ ਤੋੜਿਆ ਹੈ ਅਤੇ ਸਿੱਖ ਪੰਥ ਨੂੰ ਪ੍ਰੇਰਿਆ ਹੈ:

‘ਗੁਰਮਤਿ ਵਿਚ ਤਿਥਿ, ਵਾਰ, ਮਹੀਨਾ, ਮਹੂਰਤ ਆਦਿ ਦਾ ਅਵਿਦਯਾ-ਮੂਲਿਕ ਵਿਚਾਰ ਨਹੀਂ, ਇਨ੍ਹਾਂ ਦਾ ਸ਼ੁੱਭ-ਅਸ਼ੁੱਭ ਫਲ ਮੰਨ ਕੇ ਭਰਮ-ਜਾਲ ਵਿਚ ਪੈਣਾ ਗੁਰਮਤਿ ਵਿਰੁੱਧ ਹੈ।ਜੋ ਸਿੱਖ ਕਿਸੇ ਵਾਰ ਨੂੰ ਚੰਗਾ ਕਿਸੇ ਨੂੰ ਮੰਦਾ, ਕਿਸੇ ਤਿਥੀ ਨੂੰ ਲਾਭ ਦੇਣ ਵਾਲੀ, ਕਿਸੇ ਨੂੰ ਹਾਨੀਕਾਰਕ, ਕਿਸੇ ਮਹੀਨੇ ਨੂੰ ਸੁਖਦਾਈ, ਕਿਸੇ ਨੂੰ ਦੁਖਦਾਈ ਮੰਨਦਾ ਹੈ, ਉਹ ਗੁਰਬਾਣੀ ’ਤੇ ਅਮਲ ਕਰਨ ਵਾਲਾ ਨਹੀਂ ਹੈ। ਨਿਰਮਲ ਪੰਥ ਦੇ ਵਾਰਸਾਂ ਲਈ ਸਤਿਗੁਰਾਂ ਦੀ ਪ੍ਰੇਰਨਾ ਹੈ:

ਸਾ ਵੇਲਾ ਸੋ ਮੂਰਤੁ ਸਾ ਘੜੀ ਸੋ ਮੁਹਤੁ ਸਫਲੁ ਹੈ ਮੇਰੀ ਜਿੰਦੁੜੀਏ
ਜਿਤੁ ਹਰਿ ਮੇਰਾ ਚਿਤਿ ਆਵੈ ਰਾਮ ॥(ਅੰਗ ੫੪੦)

ਅਜੋਕੇ ਸਮੇਂ ’ਚ ਤਸਵੀਰ ਦਾ ਦੂਜਾ ਪਾਸਾ ਦੇਖੋ ਤਾਂ ਦਿਨਾਂ, ਦਿਹਾੜਿਆਂ, ਮਹੂਰਤਾਂ ਦੇ ਭਰਮ ਪਾ ਕੇ ਲੋਕਾਂ ਨੂੰ ਗੁਮਰਾਹ ਕਰਨ ਵਾਲਿਆਂ ਦੇ ਇਸ਼ਤਿਹਾਰ ਦੇਖੋ :- ‘9 ਘੰਟੇ ਵਿਚ 100 ਪ੍ਰਤੀਸ਼ਤ ਗਰੰਟੀ ਅਤੇ ਚੈਲੰਜ ਦੇ ਨਾਲ ਸਮਾਧਾਨ, ਕਾਰੋਬਾਰ, ਨੌਕਰੀ, ਪਰਮੋਸ਼ਨ, ਸ਼ਾਦੀ, ਪ੍ਰੇਮ-ਵਿਆਹ, ਸੰਤਾਨ, ਪੜਾਈ, ਗ੍ਰਹਿ-ਕਲੇਸ਼, ਦੁਸ਼ਮਣ ਤੋਂ ਛੁਟਕਾਰਾ, ਬੁਰੀ ਨਜ਼ਰ, ਬੰਧਨ,ਨਵਗ੍ਰਹਿ, ਮੰਗਲੀਕ ਦੋਸ਼, ਵਿਦੇਸ਼ ਯਾਤਰਾ ’ਚ ਰੁਕਾਵਟ, ਕਰਜੇ ਤੋਂ ਮੁਕਤੀ, ਪਿੱਤਰ ਦੋਸ਼ ਕੀਤਾ-ਕਰਾਇਆ, ਕਠਿਨ ਸਮੱਸਿਆਵਾਂ ਦਾ ਸਮਾਧਾਨ ਪਾਓ।’

ਇਸ ਦੇ ਨਾਲ ਲਿਖਿਆ ਕਿ ਵਿਅਰਥ ਇਧਰ ਉਧਰ ਨਾ ਭਟਕੋ, ਸਾਡੇ ਕੋਲ ਜ਼ਰੂਰ ਆਓ-ਮੋਟਾ ਕਰਕੇ ਨਾਲ ਹੀ ਲਿਖਿਆ ਹੁੰਦਾ ਹੈ ਕਿ ਗੁਮਰਾਹ ਹੋਣ ਤੋਂ ਬਚੋ।

ਭਾਵ ਅਸੀਂ ਬਿਲਕੁਲ ਸਹੀ ਹਾਂ, ਹੋਰਨਾਂ ਕੋਲ ਨਾ ਜਾਇਓ।ਗੁਮਰਾਹ ਦੀ ਹੋਰ ਪਰਿਭਾਸ਼ਾ ਕੀ ਹੈ ਕਿ ਸਮਾਜ ਨੂੰ ਭਰਮ-ਪਖੰਡ ਵਿਚ ਪਾ ਕੇ ਗੁੰਮਰਾਹ ਹੀ ਤਾਂ ਕੀਤਾ ਜਾ ਰਿਹਾ ਹੈ, ਤਾਂ ਫਿਰ ਇਸ ਸਮੁੱਚੇ ਪਖੰਡਵਾਦ ਤੋਂ ਬਚਣ ਦਾ ਹੱਲ ਕੀ ਹੈ?

ਇਸ ਲੇਖ ਦੇ ਅਰੰਭ ਵਿਚ ਦਿੱਤੀਆਂ ਪੰਕਤੀਆਂ, ਪੰਚਮ ਪਾਤਸ਼ਾਹ ਜੀ ਦੀਆਂ ਬਾਰਹ ਮਾਹਾ ਮਾਂਝ ਮਹਲਾ ਸਿਰਲੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੁਭਾਇਮਾਨ ਹਨ।ਸਿੱਖ ਪੰਥ ਗੁਰਬਾਣੀ ਦਾ ਓਟ ਆਸਰਾ ਲੈ ਕੇ ਸਤਿਗੁਰਾਂ ਤੋਂ ਸੰਦੇਸ਼ ਪ੍ਰਾਪਤ ਕਰਦਾ ਹੈ।ਸਤਿਗੁਰਾਂ ਨੇ ਬਾਰਹ ਮਾਹਾ ਦੇ ਅੰਤ ਵਿਚ ਮਾਨਵਤਾ ਨੂੰ ਸੰਦੇਸ਼ ਦਿੱਤਾ ਹੈ ਜਿਸ ਉੱਪਰ ਨਿਰਮਲ ਪੰਥ ਦੇ ਵਾਰਸਾਂ ਨੇ ਪਹਿਰਾ ਦੇਣਾ ਹੈ ਕਿ ਉਨ੍ਹਾਂ ਵਾਸਤੇ ਸਾਰੇ ਮਹੀਨੇ, ਸਾਰੇ ਦਿਨ ਤੇ ਸਾਰੇ ਹੀ ਮਹੂਰਤ ਸੁਲੱਖਣੇ ਹਨ ਜਿਨ੍ਹਾਂ ਉੱਪਰ ਪ੍ਰਭੂ ਮਿਹਰ ਦੀ ਨਜ਼ਰ ਕਰਦਾ ਹੈ।(ਮਿਹਰ ਦੀ ਨਜ਼ਰ ਲਈ ਗੁਰਬਾਣੀ ਦਾ ਜਾਪ ਤੇ ਪ੍ਰਭੂ ਉੱਪਰ ਭਰੋਸਾ ਰੱਖਣਾ ਜ਼ਰੂਰੀ ਹੈ।)

ਫਿਰ ਸਤਿਗੁਰੂ ਸੰਸਾਰੀਆਂ ਨੂੰ ਸਮਝਾਉਂਦੇ ਹੋਏ ਫ਼ਰਮਾਉਂਦੇ ਹਨ ਕਿ ਹੇ ਪ੍ਰਭੂ ! ਮਿਹਰ ਕਰ ਮੈਂ ਨਾਨਕ ਤੇਰੇ ਦਰ ਤੋਂ ਤੇਰੇ ਦੀਦਾਰ ਦੀ ਦਾਤ ਮੰਗਦਾ ਹਾਂ।

**ਡਾ. ਇੰਦਰਜੀਤ ਸਿੰਘ ਗੋਗੋਆਣੀ**

# ਸਿੱਖੀ ਦੀਆਂ ਗੁਆਚਦੀਆਂ ਨਿਸ਼ਾਨੀਆਂ



ਬਚਪਨ ਵਿਚ ਅਸੀਂ ਆਪਣੇ ਨਾਨਕੇ ਪਿੰਡ ਬੌੜ ਤੋਂ ਕੋਹ ਦੂਰ ਫਤਹਿਗੜ੍ਹ ਸਾਹਿਬ-ਸਰਹੰਦ ਦੇ ਮੇਲੇ ’ਤੇ ਪਰਵਾਰ ਨਾਲ ਹਰ ਸਾਲ ਜਾਂਦੇ।ਕੋਹਾਂ ਤਕ ਚਾਰੇ ਪਾਸੇ ਖਿੰਡੀਆਂ ਰੋੜੀਆਂ ਤੇ ਠੀਕਰੀਆਂ ਦਿੱਸਣੀਆਂ। ਵੱਡਿਆਂ ਦੱਸਣਾ, ‘ਜਦ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖਾਂ ਦੀ ਫੌਜ ਲੈ ਕੇ ਸਾਹਿਬਜ਼ਾਦਿਆਂ ਉਪਰ ਕੀਤੇ ਜ਼ੁਲਮ ਦਾ ਬਦਲਾ ਲੈਣ ਲਈ ਹਮਲਾ ਕੀਤਾ ਤਾਂ ਉਸ ਨੇ ਸ਼ਹਿਰ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਮੀਲਾਂ ਵਿਚ ਫੈਲਿਆ ਸਰਹੰਦ ਵਾਰ-ਵਾਰ ਕੀਤੇ ਹਮਲਿਆਂ ਸਦਕਾ ਰੋੜੀਆਂ ਤੇ ਠੀਕਰੀਆਂ ਵਿਚ ਬਦਲ ਗਿਆ।’ ਸਾਨੂੰ ਉਦੋਂ ਸਿੱਖਾਂ ਦਾ ਸਰਹੰਦ ਉਪਰ ਚੜ੍ਹ ਆਉਣਾ ਤੇ ਸਰਹੰਦ ਦੀ ਇੱਟ ਨਾਲ ਇੱਟ ਵਜਾਉਣਾ, ਸਾਫ ਆਪਣੀਆਂ ਅੱਖਾਂ ਅੱਗੇ ਹੋ ਰਿਹਾ ਲਗਦਾ।

ਫਤਹਿਗੜ੍ਹ ਸਾਹਿਬ ਪਹੁੰਚ ਰੇਲਵੇ ਲਾਈਨ ਟੱਪ ਜਦੋਂ ਅਸੀਂ ਭੱਜ ਕੇ ਉਸ ਨੀਂਹ ਨੂੰ ਵਾਰ-ਵਾਰ ਮੱਥਾ ਛੁਹਾਉਣਾ ਜਿਸ ਵਿਚ ਦੋਨੋਂ ਛੋਟੇ ਸਾਹਿਬਜ਼ਾਦੇ- ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਜੀ ਨੂੰ ਨੀਹਾਂ ਵਿਚ ਚਿਣਿਆ ਗਿਆ ਸੀ ਤਾਂ ਸਾਡੇ ਵੱਡਿਆ ਦੱਸਣਾ, ‘ਦੇਖੋ ਬੱਚਿਓ ! ਦੋਨੋਂ ਸਾਹਿਬਜ਼ਾਦੇ ਤੁਹਾਡੀ ਉਮਰ ਦੇ ਸਨ, ਜਦੋਂ ਜ਼ਾਲਮ ਸੂਬੇ ਨੇ ਉਨ੍ਹਾਂ ਨੂੰ ਨੀਹਾਂ ਵਿਚ ਚਿਣੇ ਜਾਣ ਦਾ ਹੁਕਮ ਦਿੱਤਾ।ਨੀਹਾਂ ਵਿਚ ਚਿਣਦੇ-ਚਿਣਦੇ ਉਹ ਸਾਹਿਬਜ਼ਾਦਿਆਂ ਨੂੰ ਵਾਰ-ਵਾਰ ਕਹਿੰਦੇ, ‘ਦੀਨ ਕਬੂਲ ਕਰ ਲਓ, ਹੂਰਾਂ ਬਖਸ਼ਾਂਗੇ, ਦੌਲਤ ਦੇ ਭੰਡਾਰ ਲਾ ਦਿਆਂਗੇ’ ਪਰ ਜਿਨ੍ਹਾਂ ਦੇ ਪੜਦਾਦੇ ਤੇ ਨਕੜਦਾਦੇ ਨੇ ਸਖ਼ਤ ਤਸੀਹੇ ਸਹਿ ਕੇ ਵੀ ਧਰਮ ਨਹੀਂ ਹਾਰਿਆ, ਉਨ੍ਹਾਂ ਨੇ ਦੀਨ ਕਦੋਂ ਕਬੂਲਣਾ ਸੀ? ਇੱਟਾਂ ਨੂੰ ਸਹੀ ਚਿਣਨ ਲਈ ਜਦ ਇਨ੍ਹਾਂ ਬਾਲਾਂ ਦੇ ਗੋਡੇ ਤਰਾਸ਼ੇ ਗਏ ਤਾਂ ਵੀ ਸਾਹਿਬਜ਼ਾਦਿਆਂ ਨੇ ਸੀਅ ਨਾ ਕੀਤੀ।

ਜਦ ਛੋਟੇ ਸਾਹਿਬਜ਼ਾਦੇ ਬਾਬਾ ਫਤਹਿ ਸਿੰਘ ਦੇ ਸਿਰ ਤਕ ਇੱਟਾਂ ਪਹੁੰਚ ਗਈਆ ਤਾਂ ਵੱਡੇ ਸਾਹਿਬਜ਼ਾਦੇ ਨੇ ਇੰਨਾ ਹੀ ਕਿਹਾ, ‘ਵਾਰੀ ਤਾਂ ਪਹਿਲਾਂ ਮੇਰੀ ਸੀ, ਪਰ ਲੈ ਤੂੰ ਚਲਿਆ ਹੈਂ !’ ਅਸਹਿ ਅਤੇ ਅਕਹਿ ਕਸ਼ਟ ਭੋਗਦੇ ਦੋਨੋਂ ਬਾਲ ਜ਼ਾਲਮਾਂ ਦੇ ਜਬਰ ਅੱਗੇ ਨਾ ਝੁਕ ਕੇ ਇਕ ਅਦੁੱਤੀ ਮਿਸਾਲ ਕਾਇਮ ਕਰ ਗਏ

ਅਸੀਂ ਜੋ ਸੁਣਦੇ ਸਾਂ, ਸਿੱਧਾ ਸਾਡੇ ਦਿਮਾਗ ਵਿਚ ਧਸ ਜਾਂਦਾ ਸੀ, ਕਿਉਂਕਿ ਅਸੀਂ ਸਾਹਮਣੇ ਉਹ ਨੀਹਾਂ ਵੇਖ ਰਹੇ ਹੁੰਦੇ ਸਾਂ ਜਿਨ੍ਹਾਂ ਵਿਚ ਸਾਹਿਬਜ਼ਾਦੇ ਚਿਣੇ ਗਏ ਸਨ। ਸੁਣਦੇ-ਸੁਣਦੇ ਸਾਨੂੰ ਇਉਂ ਲੱਗਣ ਲੱਗ ਪੈਂਦਾ ਜਿਵੇਂ ਅਸੀਂ ਖੁਦ ਨੀਹਾਂ ਵਿਚ ਖੜ੍ਹੇ ਹੋਈਏ! ਸਾਨੂੰ ਉਨ੍ਹਾਂ ਸਭ ਤਸੀਹਿਆਂ ਦੇ ਦਰਦ ਮਹਿਸੂਸ ਹੋਣ ਲੱਗ ਪੈਂਦੇ ਜੋ ਸਾਹਿਬਜ਼ਾਦਿਆਂ ਨੇ ਜਰੇ ਸਨ, ਪਰ ਸਿਦਕ ਨਹੀਂ ਸੀ ਹਾਰਿਆ।

ਸਾਡਾ ਮਨ-ਤਨ ਇਹ ਸਭ ਹੰਢਾ ਕੇ ਆਪਣੇ ਵਿਚ ਉਹ ਸਮੋ ਲੈਂਦਾ ਜੋ ਸਿੱਖੀ ਦੀ ਜੜ੍ਹ ਹੈ।

‘ਸਿਦਕ ਨਹੀਂ ਹਾਰਨਾ’, ‘ਜ਼ੁਲਮਾਂ ਅੱਗੇ ਨਹੀਂ ਝੁਕਣਾ’, ‘ਸ਼ਹਾਦਤ ਹੱਸ ਕੇ ਪਾਉਣਾ’, ‘ਜਾਨ ਨਾਲੋਂ ਧਰਮ ਪਿਆਰਾ ਸਮਝਣਾ’

ਵੱਡਿਆਂ ਦੇ ਗਾਏ ਸ਼ਬਦ ‘ਸਿਰ ਜਾਏ ਤਾਂ ਜਾਏ, ਸਾਡਾ ਸਿੱਖੀ ਸਿਦਕ ਨਾ ਜਾਏਂ’ ਦੇ ਭਾਵ-ਅਰਥ ਸਮਝਣ ਵਿਚ ਦੇਰ ਨਾ ਲੱਗਣੀ ਤੇ ਹਰ ਸ਼ਬਦ ਦਿਮਾਗ ਦੀ ਪੱਟੀ ’ਤੇ ਛਪ ਜਾਣਾ। ਇਸੇ ਤਰ੍ਹਾਂ ਦੇ ਪ੍ਰਭਾਵ ਭੱਠਾ ਸਾਹਿਬ, ਅਨੰਦਪੁਰ ਸਾਹਿਬ, ਸ੍ਰੀ ਅੰਮ੍ਰਿਤਸਰ, ਸੀਸ ਗੰਜ, ਚਮਕੌਰ ਦੀ ਗੜ੍ਹੀ, ਮਾਛੀਵਾੜਾ ਆਦਿ ਤੋਂ ਵੀ ਬਚਪਨ ਵਿਚ ਹੀ ਪੈ ਗਏ।

ਹੁਣ ਜਦ ਕਈ ਵਰ੍ਹੇ ਬਾਅਦ ਬਾਹਰੋਂ ਪੰਜਾਬ ਪਰਤਿਆ ਤਾਂ ਫਤਹਿਗੜ੍ਹ ਸਾਹਿਬ ਦੇ ਦਰਸ਼ਨਾਂ ਦੀ ਉਮੰਗ ਮਨ ਵਿਚ ਤੀਬਰ ਸੀ।ਬੌੜੋਂ ਚੱਲੇ ਤਾਂ ਰਸਤੇ ਵਿਚ ਕਿਧਰੇ ਵੀ ਉਹ ਰੋੜੇ-ਠੀਕਰੀਆਂ ਨਜ਼ਰ ਨਾ ਆਈਆਂ। ਫਤਹਿਗੜ੍ਹ ਸਾਹਿਬ ਪਹੁੰਚ ਸਭ ਤੋਂ ਪਹਿਲਾਂ ਉਨ੍ਹਾਂ ਨੀਹਾਂ ਦੀ ਤਲਾਸ਼ ਵਿਚ ਅੱਖਾਂ ਲੱਗ ਗਈਆਂ, ਜੋ ਬਚਪਨ ਵਿਚ ਸਾਡੀ ਖਿੱਚ ਦਾ ਕਾਰਨ ਹੁੰਦੀਆਂ ਸਨ।ਪਰ ਇਹ ਕੀ? ਚਾਰੇ ਪਾਸੇ ਬੜੇ ਸੁਹਣੇ ਭਵਨ ਉਸਰ ਗਏ ਹਨ, ਜਿਨ੍ਹਾਂ ਵਿਚ ਸੰਗਮਰਮਰ ਡਲ੍ਹਕਾ ਮਾਰਦਾ ਹੈ, ਕਾਰੀਗਰੀ ਦਾ ਕਮਾਲ ਹੈ।ਪੱਖਿਆਂ ਦੀ ਹਵਾ ਨੇ ਠੰਢਕ ਪਾਈ ਹੈ।ਕਈ ਥਾਈਂ ਏਅਰ ਕੰਡੀਸ਼ਨਰ ਵੀ ਲੱਗੇ ਹੋਏ ਹਨ। ਮੈਨੂੰ ਦੱਸਿਆ ਗਿਆ ਕਿ ਇਨ੍ਹਾਂ ਉਪਰ ਬਾਬਿਆਂ ਨੇ ਕਰੋੜਾਂ ਰੁਪਏ ਲਾਏ ਹਨ।ਪਰ ਮੇਰੀਆਂ ਅੱਖਾਂ ਤਾਂ ਉਨ੍ਹਾਂ ਨੀਹਾਂ ਦੀ ਤਲਾਸ਼ ਵਿਚ ਸਨ, ਜਿਨ੍ਹਾਂ ਨੂੰ ਭਵਨਾਂ ਵਿਚ ਛੁਪਾ ਦਿੱਤਾ ਗਿਆ ਸੀ।ਇਕ ਝਲਕ ਲੈਣੀ ਵੀ ਮੁਸ਼ਕਲ ਹੋ ਗਈ ਸੀ।ਜੋ ਨਿਸ਼ਾਨੀਆਂ ਮੇਰੇ ਬਚਪਨ ਨਾਲ ਜੁੜ ਗਈਆਂ ਸਨ ਤੇ ਜਿਨ੍ਹਾਂ ਨਿਸ਼ਾਨੀਆਂ ਨੇ ਮੇਰੇ ਦਿਮਾਗ ਵਿਚ ਸਿੱਖੀ ਦਾ ਜਜ਼ਬਾ ਕੁੱਟ-ਕੁੱਟ ਕੇ ਭਰ ਦਿੱਤਾ ਸੀ, ਉਹ ਭਾਲਦਾ ਮੈਂ ਹੈਰਾਨ ਹੋ ਗਿਆ।ਮੇਰੀ ਸਿੱਖੀ ਦੀ ਨਿਸ਼ਾਨੀ ਸੁੰਦਰ ਭਵਨਾਂ ਵਿਚ ਗੁਆਚ ਗਈ।ਮੈਂ ਸਿਰ ਫੜ ਕੇ ਬਹਿ ਗਿਆ ਤੇ ਇਹੋ ਸੋਚਦਾ ਰਿਹਾ ਕਿ ਜੇ ਇਨ੍ਹਾਂ ਚਕਾ-ਚੌਂਧ ਵਾਲੇ ਭਵਨਾਂ ਨੇ ਸਾਡੀ ਸਿੱਖੀ ਨੂੰ ਇਸੇ ਤਰ੍ਹਾਂ ਛੁਪਾਉਣਾ ਜਾਰੀ ਰੱਖਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਨੂੰ ਸਿੱਖੀ ਯਾਦ ਕਰਾਉਣ ਵਾਲੀ ਕੋਈ ਨਿਸ਼ਾਨੀ ਹੀ ਨਹੀਂ ਰਹੇਗੀ।

ਇਸੇ ਤੱਥ ਨਾਲ ਸੰਬੰਧਤ ਹੈ ਮੇਰੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਯਾਤਰਾ। ਮੈਨੂੰ ਉਹ ਹਰ ਪਲ ਯਾਦ ਹੈ ਜਦ ਮੈਂ ਹਰਿਮੰਦਰ ਸਾਹਿਬ ਉਪਰ ਹੋਏ ਜ਼ਾਲਮਾਨਾ ਹਮਲੇ ਪਿਛੋਂ ਪਹੁੰਚਿਆ ਸੀ।

ਟੈਂਕਾਂ ਨੇ ਪਰਕਰਮਾ ਉਖਾੜ ਦਿੱਤੀਆ ਸਨ, ਲਾਇਬ੍ਰੇਰੀ ਵਿਚੋਂ ਹਾਲੇ ਵੀ ਧੂੰਆਂ ਨਿਕਲ ਰਿਹਾ ਸੀ।ਖ਼ੂਨ ਹਾਲੇ ਵੀ ਜੰਮਿਆ ਹੋਇਆ ਸੀ।ਹਰ ਦੀਵਾਰ ਗੋਲੀਆਂ ਨਾਲ ਵਿੰਨ੍ਹੀ ਹੋਈ ਸੀ।ਡਿਉਢੀ ਵਿਚੋਂ ਦੀ ਟੈਂਕਾਂ ਦੇ ਗੋਲਿਆਂ ਨਾਲ ਮਘੋਰੇ ਪਾਏ ਹੋਏ ਸਨ।ਅਕਾਲ ਤਖ਼ਤ ਤਾਂ ਗੋਲਿਆਂ ਨਾਲ ਇਸ ਤਰ੍ਹਾਂ ਤਬਾਹ ਕਰ ਦਿੱਤਾ ਸੀ ਜਿਵੇਂ ਕਿ ਬਹੁਤ ਪੁਰਾਣਾ ਖੰਡਰ ਹੋਵੇ।ਦਰਬਾਰ ਸਾਹਿਬ ਦੀਆਂ ਦੀਵਾਰਾਂ ’ਤੇ ਵੀ ਗੋਲੀਆਂ ਦੇ ਨਿਸ਼ਾਨ ਸਨ। ਉਹ ਵਾਕਿਆ ਮੇਰੇ ਦਿਮਾਗ ਵਿਚ ਛਪ ਕੇ ਰਹਿ ਗਿਆ ਹੈ ਤੇ ਜਦ ਵੀ ਉਸ ਨੂੰ ਯਾਦ ਕਰਦਾ ਹਾਂ ਤਾਂ ਮੇਰੇ ਮਨ ਵਿਚ ਇਕ ਰੋਹ ਜਾਗ ਪੈਂਦਾ ਹੈ ਤੇ ਮੈਂ ਉਸ ਜ਼ੁਲਮ ਨੂੰ ਰੋਕਣ ਲਈ ਉਤਸੁਕ ਹੁੰਦਾ ਹਾਂ।

ਪਰ ਹੁਣ ਜਦ ਕੁਝ ਦਿਨ ਹੋਏ ਫਿਰ ਹਰਿਮੰਦਰ ਸਾਹਿਬ ਪਹੁੰਚਿਆ ਤਾਂ ਹੈਰਾਨ ਸਾਂ ਕਿ ਉਹ ਯਾਦ-ਚਿੰਨ੍ਹ ਸਰਹੰਦ ਦੀ ਦੀਵਾਰ ਦੀ ਤਰ੍ਹਾਂ ਹੀ ਮਿਟਾ ਦਿੱਤੇ ਗਏ ਹਨ।ਸਿੱਖਾਂ ਨੂੰ ਕੋਈ ਵੀ ਯਾਦ ਦਿਵਾਉਣ ਵਾਲਾ ਨਹੀਂ ਕਿ ਜੇ ਅਸੀਂ ਸਿੱਖੀ ਦੇ ਰਾਹਾਂ ਤੋਂ ਭਟਕੇ ਤੇ ਵੱਖ-ਵੱਖ ਹੋ ਕੇ ਆਪਣੀਆਂ ਡਫਲੀਆਂ ਵਜਾਉਂਦੇ ਰਹੇ ਤਾਂ ਸਾਡਾ ਕੀ ਹਸ਼ਰ ਹੋਣਾ ਹੈ! ਉਸ ਅਕਾਲ ਤਖ਼ਤ ਦਾ ਕੁਝ ਵੀ ਨਜ਼ਰ ਨਹੀਂ ਆ ਰਿਹਾ ਜੋ ਮੈਨੂੰ ਕਹਿ ਰਿਹਾ ਹੋਵੇ ਕਿ ‘ਯਾਦ ਰੱਖ ! ਤੇਰੀ ਸਿੱਖੀ ਇਤਨੀ ਉਚੀ ਹੋ ਜਾਵੇ ਕਿ ਕੋਈ ਵੀ ਦੁਸ਼ਮਣ ਤੇਰੇ ਸਰਵਉਚ ਧਰਮ ਅਸਥਾਨ ਵੱਲ ਬੁਰੀ ਅੱਖ ਨਾਲ ਨਾ ਵੇਖ ਸਕੇ !

ਤੂੰ ਇਤਨੀ ਤਾਕਤ ਪੈਦਾ ਕਰ ਕਿ ਤੇਰੀ ਸਿੱਖੀ ਦੀ ਹਰ ਥਾਂ ਜਿੱਤ ਹੋਵੇ ਤੇ ਰਾਜ ਕਰੇਗਾ ਖਾਲਸਾ ਦਾ ਸੁਪਨਾ ਸਾਕਾਰ ਹੋਵੇ !’ ਪਰ ਕਾਸ਼! ਸਾਡੇ ‘ਭਵਨ-ਨਿਰਮਾਤਾ’ ਇਨ੍ਹਾਂ ਯਾਦਗਾਰ ਨਿਸ਼ਾਨੀਆਂ ਨੂੰ ਸਮਝਦੇ !(ਸੰਨ ੨੦੦੦)

**ਕਰਨਲ ਦਲਵਿੰਦਰ ਸਿੰਘ (ਡਾ.)**

# ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਦੇ ਸਪੀਕਰ ਸ੍ਰੀ ਰਾਜ ਚੌਹਾਨ ਪਰਿਵਾਰ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ

## ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਕੀਤਾ ਸਨਮਾਨਿਤ

ਅੰਮ੍ਰਿਤਸਰ-ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਦੇ ਸਪੀਕਰ ਸ੍ਰੀ ਰਾਜ ਚੌਹਾਨ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਅਤੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸਨਮਾਨਿਤ ਕੀਤਾ।

ਇਸ ਮੌਕੇ ਗੱਲ ਕਰਦਿਆਂ ਸ੍ਰੀ ਰਾਜ ਚੌਹਾਨ ਨੇ ਕਿਹਾ ਕਿ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਮੌਕੇ ਸ਼ਾਮਲ ਹੋਣ ਲਈ ਸੱਦਾ ਮਿਲਿਆ ਸੀ, ਪਰੰਤੂ ਵਿਧਾਨ ਸਭਾ ਦਾ ਇਜਲਾਸ ਚੱਲ ਰਿਹਾ ਹੋਣ ਕਾਰਨ ਉਹ ਉਸ ਸਮੇਂ ਹਾਜ਼ਰ ਨਹੀਂ ਹੋ ਸਕੇ। ਉਨ੍ਹਾਂ ਕਿਹਾ ਕਿ ਉਹ ਅੱਜ ਆਪਣੇ ਪਰਿਵਾਰ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਅਤੇ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕਰਨ ਲਈ ਪੁੱਜੇ ਹਨ। ਉਨ੍ਹਾਂ ਕਿਹਾ ਕਿ ਇਹ ਪਾਵਨ ਅਸਥਾਨ ਸਮੁੱਚੀ ਮਾਨਵਤਾ ਲਈ ਅਧਿਆਤਮਕ ਦਾ ਸੋਮਾਂ ਹੈ, ਜਿਥੋਂ ਮਨੁੱਖਤਾ ਨੂੰ ਆਪਸੀ ਭਾਈਚਾਰੇ ਦੀ ਪ੍ਰੇਰਣਾ ਮਿਲਦੀ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਗਏ ਸੱਦਾ ਪੱਤਰ ਅਤੇ ਮਿਲੇ ਸਨਮਾਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਧੰਨਵਾਦ ਵੀ ਕੀਤਾ।

ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਮੈਨੇਜਰ ਸ. ਜਸਪਾਲ ਸਿੰਘ ਢੱਡੇ, ਸੂਚਨਾ ਅਧਿਕਾਰੀ ਸ. ਰਣਧੀਰ ਸਿੰਘ, ਕੈਨੇਡਾ ਨਿਵਾਸੀ ਸ. ਬਲਬੀਰ ਸਿੰਘ ਚੰਗਿਆੜਾ ਅਤੇ ਸ੍ਰੀ ਰਾਜ ਚੌਹਾਨ ਦੇ ਪਰਿਵਾਰਕ ਮੈਂਬਰ ਭਰਾ ਸ੍ਰੀ ਸੁਰਿੰਦਰਜੀਤ, ਪਤਨੀ ਸ੍ਰੀਮਤੀ ਇੰਦਰ ਚੌਹਾਨ ਅਤੇ ਬੇਟੀ ਅੰਮ੍ਰਿਤਾ ਚੌਹਾਨ ਆਦਿ ਮੌਜੂਦ ਸਨ।



# The Early Politics of the Sikhs

**S. Harinder Singh Roop**

The broad meaning of siyasat (politics) can be understood as the management of governance. In other words, becoming a ruler, helping someone become a ruler, or protecting oneself from the injustices of a ruler is also politics.When Babur attacked the Lodhis, Punjab experienced great hardship. Guru Nanak Sahib was deeply moved, and he raised his voice against Babur's tyranny in the Babar Bani. Raising such a voice itself was the earliest form of Sikh politics. The next step in this politics was to find ways to escape oppression. To protect people from the excesses of rulers, the Guru Sahiban began building a new social order.In politics, the greater the number of people who support one's ideas, the greater the success. To bring people toward one's ways of thinking, it is necessary to love them. Guru Nanak Dev Ji reached out to the people with deep compassion, encouraged them to live with dignity, and uplifted them. He explained that every person has the right to benefit from all of nature's gifts. All human beings are brothers, created by the same Creator. Why then should one brother harm another? The answer to this question too can be understood as politics.Malik Bhago exploited the poor, and Guru Nanak Sahib refused to eat at his home. The Guru revealed that in Malik's feast lay the blood of the poor—his wealth earned dishonestly through deceit and exploitation. Guru Nanak Sahib saw honest work as pure milk, and by accepting the simple bread of Bhai Lalo, he demonstrated the true colour of politics. This form of politics quickly won the hearts of the masses. Poverty is a great curse, and loving the poor is a virtue found only in the truly noble. In this love, too, there was a form of politics. Centuries later, Karl Marx adopted a similar kind of politics—or rather, he closely analysed and explained the same principles that the Guru had already lived.In Sikh history, great emphasis is placed on the institution of langar. Langar was the first effort to eliminate hunger. Removing hunger from the land is politics. Through langar, people sat together in lines (pangats). By sitting together, the notions of high and low dissolved, mutual love grew, goodwill increased, and people felt inspired to help each other in their difficulties. All this credit goes to the institution of langar.The people were weary of the excesses of their rulers. The sangat observed the conduct of the Guru. Without lengthy sermons, even personal disputes were settled in their presence. The Guru resolved conflicts of enmity, jealousy, and financial disagreements within moments. For this reason, the sangats began calling the Gurus Sachcha Patshah—the True King. By calling the Guru the True King, they indirectly rejected those rulers who imposed their authority through the sword.This laid the foundation for a strong system of Panchayati Raj among the Sikhs. The Guru was the supreme panch (leader). These panch were unafraid of governmental power, nor did they seek honour or favors from the kings of the time. This independence alarmed Emperor Jahangir. Being a politician himself, he could foresee future events. He examined and compared his own empire with the Guru's spiritual and social sovereignty. He noticed that not just Hindus, but even Muslims, were leaning toward Guru Arjan Sahib. He feared that the rising wave from the Beas region might one day reach Delhi or Agra and weaken the foundations of his empire.Thus, Jahangir declared Guru Arjan Sahib a "kafir" in his own handwriting and, by giving it a religious colour, had him executed—so that no devout Muslim would raise a protest against this injustice. Not even Pir Mian Mir's displeasure could stop him, and the emperor succeeded in his political maneuver.Jahangir wrote whatever he wished in the Tuzk-e-Jahangiri, but in reality, he was deeply afraid of this parallel authority—what we today might call a parallel government. Such a government has its own systems, symbols, and ways of functioning, running independently alongside the official state.At the time of his martyrdom, Guru Arjan Sahib did not allow anyone to raise a hand in his defence. A silent battle is not for the faint-hearted. When one witnesses a person embracing martyrdom with calm acceptance, a profound sense of hatred naturally arises in the heart against the oppressor, and the memory of the martyr's cause spreads on its own. For this reason, Guru Sahib made peaceful resistance an essential feature of Sikh politics.With the period of Guru Hargobind Sahib, Sikh politics changed direction, but that belongs to another discussion.

**Translated by Manpreet Kaur.**

# ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਸੋਸ਼ਲ ਮੀਡੀਆ ਖਾਤੇ ਰਾਹੀਂ ਪੰਜਾਬੀਆਂ ਨੂੰ ਇਕਜੁਟ ਹੋਣ ਦੀ ਕੀਤੀ ਅਪੀਲ



ਸੇਖੋਵਾਲ ਗ੍ਰਾਮ ਪੰਚਾਇਤ ਦੀ 415 ਏਕੜ ਸ਼ਮਲਾਤ ਜ਼ਮੀਨ, ਜੋ ਮੱਤੇਵਾੜਾ ਜੰਗਲ ਅਤੇ ਸਤਲੁਜ ਦਰਿਆ ਵਰਗੇ ਵਾਤਾਵਰਣਕ ਤੌਰ 'ਤੇ ਅਤਿ ਸੰਵੇਦਨਸ਼ੀਲ ਖੇਤਰ ਦੇ ਬਿਲਕੁਲ ਨੇੜੇ ਹੈ, ਉਸਨੂੰ "ਉਦਯੋਗਿਕ ਕੰਪਲੈਕਸ" ਦੇ ਨਾਂ 'ਤੇ ਹਥਿਆਉਣਾ ਸਰਕਾਰ ਦੀ ਬਦਨੀਤੀ ਹੈ। ਅਸਲ ਮਕਸਦ ਰਿਹਾਇਸ਼ੀ ਪ੍ਰੋਜੈਕਟ ਖੜ੍ਹੇ ਕਰਨ ਦਾ ਹੈ — ਉਹੀ ਬਦਨੀਤੀ ਜੋ 'ਲੈਂਡ ਪੂਲਿੰਗ ਨੀਤੀ' ਰਾਹੀਂ ਪੰਜਾਬੀਆਂ ਨੇ ਪਹਿਲਾਂ ਹੀ ਨਾਕਾਮ ਕਰ ਦਿੱਤੀ ਸੀ।

ਇਹ ਸਿਰਫ਼ ਜ਼ਮੀਨ ਹਥਿਆਉਣ ਦੀ ਕੋਸ਼ਿਸ਼ ਨਹੀਂ, ਸਗੋਂ ਪੰਜਾਬ ਦੀ ਡੈਮੋਗਰਾਫੀ ਨਾਲ ਖੇਡ, ਮੱਤੇਵਾੜਾ ਜੰਗਲ ਨੂੰ ਨੁਕਸਾਨ, ਅਤੇ ਸਤਲੁਜ ਵਰਗੇ ਜੀਵਨਦਾਈ ਦਰਿਆ ਨੂੰ ਖਤਰੇ 'ਚ ਪਾਉਣ ਦੀ ਯੋਜਨਾ ਹੈ।

ਪੰਜਾਬੀਆਂ ਨੇ ਪਹਿਲਾਂ ਵੀ ਇਕਜੁੱਟ ਹੋ ਕੇ ਮੱਤੇਵਾੜਾ ਜੰਗਲ ਨੇੜੇ ਹੋ ਰਹੀਆਂ ਅਜਿਹੀਆਂ ਸਾਜ਼ਿਸ਼ਾਂ ਨੂੰ ਰੋਕਿਆ ਹੈ। ਅੱਜ ਫਿਰ ਸਮਾਂ ਆ ਗਿਆ ਹੈ ਕਿ ਪੰਜਾਬ ਇਕ ਆਵਾਜ਼ ਬਣ ਕੇ ਇਸ ਬਦਨੀਤੀ ਦਾ ਡਟ ਕੇ ਵਿਰੋਧ ਕਰੇ। ਅਸੀਂ ਸਰਕਾਰ ਦੇ ਇਸ ਪੰਜਾਬ ਵਿਰੋਧੀ ਮਨਸੂਬੇ ਦਾ ਸਖ਼ਤ ਵਿਰੋਧ ਕਰਦੇ ਹਾਂ ਅਤੇ ਪੰਜਾਬੀਆਂ ਇਕੱਠੇ ਹੋਣ ਦੀ ਲੋੜ ਹੈ ਇਸ ਨੂੰ ਕਾਮਯਾਬ ਨਹੀਂ ਹੋਣ ਦੇਣਾ ਚਾਹੀਦਾ।




# ਖ਼ਾਲਸਾ ਅਖ਼ਬਾਰ

ਗਿਆਨੀ ਦਿੱਤ ਸਿੰਘ ਜੀ ਦਾ ਪੰਜਾਬੀ ਪੱਤਰਕਾਰੀ ਨਾਲ ਬਹੁਤ ਗੂੜਾ ਸਬੰਧ ਰਿਹਾ ਤੇ ਖ਼ਾਲਸਾ ਅਖ਼ਬਾਰ (ਸਪਤਾਹਿਕ) ਜੋ ੧੩ ਜੂਨ ੧੮੮੬ ਈ. ਨੂੰ ਸ਼ੁਰੂ ਹੋਇਆ ਸੀ, ਇਹ ਸਿੰਘ ਸਭਾ ਲਾਹੌਰ ਨੇ ਆਪਣੇ ਉਦੇਸ਼ਾਂ ਤੇ ਪ੍ਰਚਾਰ ਨੂੰ ਮੁੱਖ ਰੱਖ ਕੇ ਸ਼ੁਰੂ ਕੀਤਾ ਸੀ। ਫਿਰ ੧੦ ਜੁਲਾਈ ੧੮੮੬ ਈ. ਤੋਂ ਖ਼ਾਲਸਾ ਅਖ਼ਬਾਰ ਦਾ ਨਾਮ 'ਖ਼ਾਲਸਾ ਅਖ਼ਬਾਰ ਲਾਹੌਰ ਲਿਖਣਾ ਸ਼ੁਰੂ ਹੋਇਆ। ਖ਼ਾਲਸਾ ਅਖਬਾਰ ਦੇ ਉਸ ਸਮੇਂ ਛਪੇ ਸੰਪਾਦਕੀ ਲੇਖਾਂ ਤੋਂ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਤੋਂ ਹੀ ਗਿਆਨੀ ਦਿੱਤ ਸਿੰਘ ਜੀ ਨੇ ਬਤੌਰ ਸੰਪਾਦਕ ਜ਼ਿੰਮੇਵਾਰੀ ਸੰਭਾਲ ਲਈ ਸੀ। ਫਿਰ ਅਕਤੂਬਰ ੧੮੮੯ ਤੋਂ ਬਾਅਦ ਇਸ ਅਖ਼ਬਾਰ ਦਾ ਕੋਈ ਵੀ ਅੰਕ ਪੜ੍ਹਨ ਨੂੰ ਨਹੀਂ ਮਿਲਿਆ ਤੇ ਕੁਝ ਸਮੇ ਲਈ ਇਹ ਅਖ਼ਬਾਰ ਛਪਣਾ ਬੰਦ ਹੋ ਗਿਆ ਸੀ। ਫਿਰ ੧ ਮਈ ੧੮੯੩ ਈ. ਤੋਂ ਲੈ ਕੇ ੨੩ ਅਗਸਤ ੧੯੦੧ ਈ. ਤੱਕ 'ਖ਼ਾਲਸਾ ਅਖ਼ਬਾਰ ਲਾਹੌਰ ਗਿਆਨੀ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲਾਂ ਇਹ ੮ ਪੰਨਿਆਂ ਦਾ ਸੀ ਪਰ ਜਨਵਰੀ ੧੮੯੮ ਤੋਂ ੧੨ ਪੰਨਿਆਂ ਦਾ ਛਪਣਾ ਸ਼ੁਰੂ ਹੋਇਆ। ੩੦ ਅਗਸਤ ੧੯੦੧ ਨੂੰ ਗਿਆਨੀ ਜੀ ਦੀ ਸਿਹਤ ਵਧੇਰੇ ਖ਼ਰਾਬ ਹੋਣ ਕਰਕੇ ਭਾਈ ਮੱਯਾ ਸਿੰਘ ਜੀ ਨੇ ਸੰਪਾਦਕੀ ਲਿਖੀ ਹੈ। ਫਿਰ ੬ ਸਤੰਬਰ ੧੯੦੧ ਨੂੰ ਦਿਨ ਦੇ ਸਾਢੇ ਦਸ ਵਜੇ ਗਿਆਨੀ ਜੀ ਅਕਾਲ ਚਲਾਣਾ ਕਰ ਗਏ। ਖ਼ਾਲਸਾ ਅਖ਼ਬਾਰ ਲਾਹੌਰ ਨੂੰ ਜਿਸ ਸਫ਼ਲਤਾ ਤੇ ਚੜ੍ਹਦੀ ਕਲਾ ਨਾਲ ਗਿਆਨੀ ਜੀ ਨੇ ਚਲਾਇਆ,ਇਹ ਸਿੱਖ ਪੱਤਰਕਾਰੀ ਨੂੰ ਉਹਨਾਂ ਦੀ ਮਹਾਨ ਦੇਣ ਕਹੀ ਜਾ ਸਕਦੀ ਹੈ। ਇਸ ਅਖ਼ਬਾਰ ਨੇ ਸਿੱਖ ਪੰਥ ਵਿਚ ਪੁਨਰ ਜਾਗ੍ਰਿਤੀ ਲਿਆਉਣ ਅਹਿਮ ਭੂਮਿਕਾ ਨਿਭਾਈ ਹੈ। ਬਾਅਦ ਵਿਚ ਇਹ ਅਖ਼ਬਾਰ ੧੯੦੫ ਈ. ਤੱਕ ਭਾਈ ਮੱਯਾ ਸਿੰਘ ਜੀ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਹੁੰਦਾ ਰਿਹਾ ਅਤੇ ਬਾਅਦ ਵਿਚ ਸਮੇਂ ਦੇ ਗੇੜ ਵਿਚ ਚਲਦਾ ਹੋਇਆ ਬੰਦ ਹੋ ਗਿਆ।

ਅਸੀਂ ਆਪਣੇ ਉਨ੍ਹਾਂ ਪੁਰਖਿਆਂ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਮੁੜ ਕੋਸ਼ਿਸ਼ ਕਰ ਕੇ 'ਖ਼ਾਲਸਾ ਅਖ਼ਬਾਰ' ਨੂੰ ਦੁਬਾਰਾ ਪ੍ਰਕਾਸ਼ਿਤ ਕਰ ਕੇ ਪਾਠਕਾਂ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿਚ ਸਿੱਖ ਰਹਿਤ ਮਰਯਾਦਾ, ਸਿੱਖ ਇਤਿਹਾਸ, ਸਿੱਖ ਸਿਧਾਂਤਾਂ, ਸਿੱਖ ਸਰਗਰਮੀਆਂ ਨਾਲ ਸੰਬੰਧਿਤ ਪੰਥ ਦੇ ਉੱਘੇ ਵਿਦਵਾਨਾਂ, ਦਾਰਸ਼ਨਿਕਾਂ ਤੇ ਚਿੰਤਕਾਂ ਆਦਿ ਦੇ ਲੇਖ ਪੜ੍ਹਨ ਨੂੰ ਮਿਲਣਗੇ।




## ਇੱਕ ਕੋਸ਼ਿਸ਼

### ਸਾਡੇ ਪੁਰਾਤਨ ਅਖ਼ਬਾਰ ਨੂੰ ਮੁੜ ਤੋਂ ਸੁਰਜੀਤ ਕਰਨ ਦੀ

### ਪੁਰਖਿਆਂ ਦੀ ਪੈੜ 'ਚ ਪੈਰ ਧਰਦਾ 'ਖ਼ਾਲਸਾ ਅਖ਼ਬਾਰ'

**ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ !**

+44 74913 74913
www.khalsaakhbaar.com
editor@khalsaakhbaar.com
@khalsaakhbaar